# ਕੈਨੇਡਾ ਦੀ ਪੰਜਾਬੀ ਕਵਿਤਾ

**ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਕੈਨੇਡਾ ਦੀ ਪੰਜਾਬੀ ਕਵਿਤਾ

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ

# ਕੈਨੇਡਾ ਦੀ ਪੰਜਾਬੀ ਕਵਿਤਾ

ਨਾਨਕ ਸਿੰਘ
ਪੁਸਤਕ ਮਾਲਾ

ਮਾਸਟਰ ਤਾਰਾ ਸਿੰਘ ਮਾਰਕੀਟ,
ਬਜ਼ਾਰ ਸਰਾਂ ਗੁਰੂ ਰਾਮਦਾਸ,
ਅੰਮ੍ਰਿਤਸਰ ।

# ਕੈਨੇਡਾ ਦੀ ਪੰਜਾਬੀ ਕਵਿਤਾ

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ

Canadian Punjabi Poetry—an anthology

Punjabi Literary Association
P.u.box 67744 Vancouver, B. C. Canada v5w 3v2

ਪ੍ਰਕਾਸ਼ਕ :

ਕੁਲਬੀਰ ਸੂਰੀ,
ਨਾਨਕ ਸਿੰਘ ਪੁਸਤਕਮਾਲਾ,
ਮਾਸਟਰ ਤਾਰਾ ਸਿੰਘ ਮਾਰਕੀਟ,
ਬਜ਼ਾਰ ਸਰਾਂ ਗੁਰੂ ਰਾਮਦਾਸ,
ਅੰਮ੍ਰਿਤਸਰ ।

ਛਾਪਕ :

ਲਾਕਟ ਪ੍ਰਿੰਟਰਜ਼,
ਅੰਮ੍ਰਿਤਸਰ ।

**ਮੁਲ : ਤੀਹ ਰੁਪਏ**

ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਨਾਂ

# ਕਵਿਤਾ ਸੂਚੀ


ਪ੍ਰਵੇਸ਼ 9

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ—
ਜਨਮ ਅਤੇ ਵਿਕਾਸ 13

**ਉੱਜਲ ਦੁਸਾਂਝ**
- ਬੁੱਧੀ-ਜੀਵੀ 19
- ਸਿਆਸੀ ਮਸਲਾ 20

**ਅਜਮੇਰ ਰੋਡੇ**
- ਸਹਿਜ ਸੁਭਾ ਮੁਸਕਾਈ ਸੁਰਤੀ 21
- ਚਾਨਣ ਹਸਦਾ ਹੈ 22
- ਵੇਨਕੂਵਰ ਦੀ ਸ੍ਰੀਮਤੀ ਸਮਿੱਥ 23
- ਰੂਪ ਨਿਰਗੁਣ ਹੈ 24
- ਦੋ ਕਵਿਤਾਵਾਂ 25

**ਅਮਰਜੀਤ ਚਾਹਲ**
- ਤੇਰਾ ਖ਼ਤ 26
- ਗਿਲਾ 28
- ਦੂਰ ਦਾ ਰਿਸ਼ਤਾ 29

**ਇਕਬਾਲ ਰਾਮੂੰਵਾਲੀਆ**
- ਜੀ. ਬੀ. ਰੋਡ 31
- ਦਾਸਤਾਨ 32
- ਗੱਲ ਅੱਗੇ ਨਹੀਂ ਤੁਰਦੀ 34

**ਸੁਖਵੰਤ ਹੁੰਦਲ**
- ਇਕ ਖ਼ਤ ਦੋਸਤ ਦੇ ਨਾਂ 36
- ਮੰਗੇਤਰ ਨੂੰ 38
- ਗਜ਼ਲ 40

**ਸਾਧੂ**
- ਜਵਾਬ 41
- ਬਦਲਾ 44
- ਰੋਡੇਸ਼ੀਆ 45

**ਸੂਫੀ ਅਮਰਜੀਤ**
- ਅਸੀਂ ਮਨੁੱਖ ਹੋਵਾਂਗੇ 46
- ਗਜ਼ਲ 51

**ਸੁਰਜੀਤ ਕਲਸੀ**
- ਕੋਲਾਜ਼-ਇਕ 52
- ਕੋਲਾਜ਼-ਦੋ 52
- ਫਿਰ ਤੁਰਿਆ ਸਿਧਾਰਥ 53
- ਤੇ ਮਰਦ ਬੋਲਿਆ 56





**ਸੁਰਿੰਦਰ ਧੰਜਲ**
- ਮਸਖ਼ਰੇ 57
- ਜਵਾਰਭਾਟੇ ਤੋਂ ਬਾਅਦ 58
- ਅਜੇ ਤੂੰ ਮੈਨੂੰ ਖ਼ਤ ਨਾ ਲਿਖੀਂ ! 16
- ਪਿਆਰ 36

**ਸੁਰਦੇਵ ਜਟਾਣਾ**
- ਇਸ਼ਕ-ਮੁਸ਼ਕ 64
- ਯਾਰ ਨੂੰ 65

**ਸਰਵਣ ਬੋਲ**
- ਕਿਸ ਦੀ ਗਲ ਕਰਦੇ ਹੋ ? 66
- ਤਸਵੀਰਾਂ 68

**ਹਰਦੇਵ ਵੜੈਚ**
- ਇਨਸਾਫ਼ 70
- ਸ਼ਹੀਦ ਦਾ ਬੁੱਤ 73

**ਹਰਜਿੰਦਰ ਰਾਣਾ**
- ਚਾਰ ਖੂੰਜੇ 75
- ਭਲਕ 76
- ਚੁੱਪ 77

**ਹਰਮਿੰਦਰ**
- ਮੈਂ 78
- ਅੱਜ 79
- ਕਾਗਜ਼ ਦੀ ਬੇੜੀ 80
- ਮੇਰੀ ਦਾਸਤਾਂ ਦਾ ਰਾਜ਼ਦਾਰ ਹੈ 81

**ਕੇਸਰ ਸਿੰਘ**
- ਮੈਂ ਮਾਨਵ ਹਾਂ, ਤੂੰ ਮਾਨਵ ਹੈਂ 82
- ਦੋ ਮਿੰਨੀ ਕਵਿਤਾਵਾਂ 86
- ਉੱਚੇ ਪਰਬਤ ਤੋਂ 87

**ਕਸ਼ਮੀਰਾ ਸਿੰਘ ਚਮਨ**
- ਕਣਕਾਂ ਰੰਗ ਵਟਾਏ 88
- ਯਾਦਾਂ ਦੇ ਰੁੱਖ ਹੇਠਾਂ 89
- ਟਾਹਲੀਏ ! ਨੀ ਟਾਹਲੀਏ !! 91

**ਕੁਲਵੰਤ ਸਿੰਘ ਸਹੋਤਾ**
- ਮਿਰਗ ਤ੍ਰਿਸ਼ਨਾਂ 92
- ਪਾਗਲ ਕੁੱਤੇ 92

**ਗੁਰਮੀਤ ਛੀਨਾਂ**
- ਤਲਾਸ਼ 93
- ਦੋ ਖਿਆਲ 94
- ਉਦਾਸੀਆਂ 95

**ਗੁਰਚਰਨ ਰਾਮਪੁਰੀ**

| | |
|---|---|
| ਸ਼ਬਦ | 96 |
| ਕੰਚਨੀ | 97 |
| ਪਰਦੇਸੀ | 98 |
| ਨੀਂਦ | 100 |
| ਕੁਰਖੇਤਰ | 100 |

**ਗਿੱਲ ਮੋਰਾਂਵਾਲੀ**

| | |
|---|---|
| ਗਜ਼ਲ | 101 |
| ਗਜ਼ਲ | 102 |
| ਗਜ਼ਲ | 103 |
| ਗਜ਼ਲ | 104 |

**ਜਸਬੀਰ ਗੁਰਮ**

| | |
|---|---|
| ਟਾਹਲੀ ਦੀ ਛਾਂ | 105 |

**ਜਰਨੈਲ ਸਿੰਘ**

| | |
|---|---|
| ਕਿਸ ਦਾ ਗੋਸ਼ਤ ? | 106 |
| ਕ੍ਰਾਂਤੀ ਦੇ ਭੁਲੇਖੇ | 107 |
| ਲੋਹ ਰੁਬਾਟ | 109 |
| ਹਾਲੀ ਮੇਰੇ ਯਾਰ | 110 |

**ਜੀਵਨ ਰਾਮਪੁਰੀ**

| | |
|---|---|
| ਸੱਜਣਾ ਦੂਰ ਦਿਆ | 111 |
| ਮੈਂ ਹਿੰਦੂ ਦਾ ਹਿੰਦੂ | 111 |

**ਦਰਸ਼ਨ ਬੈਂਸ**

| | |
|---|---|
| ਸੁਨੇਹਾ | 112 |
| ਧਰਤੀ ਮਾਂ | 114 |

**ਨਵਤੇਜ ਭਾਰਤੀ**

| | |
|---|---|
| ਬੇ-ਰਾਹੇ ਮੇਰੇ ਪੈਰ | 116 |
| ਉਸ ਅਨੰਤ ਛਿਣ ਵਿੱਚ | 117 |
| ਸੁਪਨ-ਸੱਚ | 119 |
| ਗੁੰਗੇ ਅੱਖਰ | 121 |
| ਮੈਂ ਮਿਰਤੂ ਦਾ ਤਾਲਬ ਹਾਂ | 121 |

**ਬਲਦੇਵ ਚੀਮਾਂ**

| | |
|---|---|
| ਨਾਟਕ | 122 |
| ਜ਼ਰੂਰਤ | 123 |
| ਕਹਿਣ ਦੀ ਗਲ | 124 |

**ਲਾਟ ਭਿੰਡਰ**

| | |
|---|---|
| ਗੋਰੀ ਕੁੜੀ ਦਾ ਸ਼ਹਿਰ | 126 |
| ਅੱਜ ਦੀ ਡਾਕ | 128 |
| ਉਡੀਕ | 130 |
| ਖੱਟੇ ਅੰਗੂਰ | 131 |




## ਪ੍ਰਵੇਸ਼

ਸਮਕਾਲੀ ਪੰਜਾਬੀ ਕਵਿਤਾ ਵਿਸ਼ਵ ਦੇ ਕਈ ਦੇਸ਼ਾਂ ਵਿਚ ਰਚੀ ਜਾ ਰਹੀ ਹੈ। ਆਪਣੇ ਮੂਲ ਸੋਮੇ ਪੰਜਾਬ ਅਤੇ ਪੰਜਾਬੀ ਸਭਿਆਚਾਰ ਦੀ ਸੀਮਾਂ ਤੋਂ ਪਾਰ ਅੱਜ ਕੈਨੇਡਾ, ਇੰਗਲੈਂਡ ਅਤੇ ਹੋਰ ਕਈ ਧਰਤੀਆਂ ਉਤੇ ਵਿਕਸਿਤ ਹੋ ਰਹੀ ਹੈ—ਜਿਸ ਦੇ ਫਲ ਸਰੂਪ ਇਸ ਦੇ ਵਿਚੋਂ ਅੰਤਰ ਰਾਸ਼ਟਰੀ ਚਿੰਤਨ ਦੀ ਝਲਕ ਪੈਣ ਲਗ ਪਈ ਹੈ। ਇਹ ਚਿੰਤਨ ਉਸ ਅੰਤਰਰਾਸ਼ਟਰੀ ਚਿੰਤਨ ਨਾਲੋਂ ਵੱਖਰਾ ਹੈ ਜੋ ਪੰਜਾਬੀ ਲਿਖਤਾਂ ਵਿਚ ਕਦੀ ਕਦੀ ਵਿਦੇਸ਼ੀ ਸਾਹਿਤਕ ਲਹਿਰਾਂ ਦੇ ਪ੍ਰਭਾਵ ਹੇਠ ਆਉਂਦਾ ਰਿਹਾ ਹੈ। ਹੁਣ ਵਾਲਾ ਅੰਤਰਰਾਸ਼ਟਰੀ ਚਿੰਤਨ ਤਾਂ ਬਦੇਸ਼ਾਂ ਵਿਚ ਵਸਦੇ ਪੰਜਾਬੀ ਲੇਖਕਾਂ ਦੇ ਆਪਣੇ ਤਨਾਂ ਮਨਾਂ ਉੱਤੇ ਹੰਢਾਏ ਤਜਰਬੇ, ਅਨੁਭਵਾਂ ਅਤੇ ਉਨ੍ਹਾਂ ਵਿਚੋਂ ਰਚੀਆਂ ਲਿਖਤਾਂ ਸਦਕਾ ਹੈ। ਇਸ ਤੱਥ ਨੇ ਪੰਜਾਬੀ ਕਵਿਤਾ ਅਤੇ ਪੰਜਾਬੀ ਸਾਹਿਤ ਨੂੰ ਇਕ ਨਵਾਂ ਮੋੜ ਦੇ ਦਿੱਤਾ ਹੈ।

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਹ ਮੋੜ ਵਿਸ਼ੇਸ਼ ਮਹਤੱਤਾ ਵਾਲਾ ਹੈ। ਹੁਣ ਅਸੀਂ ਉਮੀਦ ਰੱਖ ਸਕਦੇ ਹਾਂ ਕਿ ਕੁਝ ਹੀ ਦਹਾਕਿਆਂ ਵਿਚ ਪੰਜਾਬੀ ਸਾਹਿਤ ਵਿਸ਼ਾਲ ਅਤੇ ਗਹਿਰਾ ਹੋ ਕੇ ਹੋਰ ਅੰਤਰਰਾਸ਼ਟਰੀ ਬੋਲੀਆਂ ਦੇ ਸਾਹਿਤਾਂ ਦੀ ਕਤਾਰ ਵਿਚ ਆ ਖੜਾ ਹੋਏਗਾ। ਪੰਜਾਬੀ ਸਾਹਿਤ ਦੇ ਇਸ ਅੰਤਰਰਾਸ਼ਟਰੀਕਰਣ ਦੀ ਕ੍ਰਿਆ ਦਾ ਅਜੇ ਮੁੱਢ ਹੀ ਬੱਝਾ ਹੈ। ਵਿਦੇਸ਼ੀ ਪੰਜਾਬੀ ਸਾਹਿਤ ਨੇ ਹਾਲੀਂ ਨਵੀਆਂ ਸਥਿਤੀਆਂ ਦੇ ਅਨੁਕੂਲ ਪੰਜਾਬੀ ਬੋਲੀ ਨੂੰ ਢਾਲਣਾ ਹੈ, ਇਸ ਤਰ੍ਹਾਂ ਸ਼ੁਰੂ ਵਿਚ ਵਿਦੇਸ਼ੀ ਬੋਲੀਆਂ ਦੇ ਪ੍ਰਭਾਵ ਥੱਲੇ ਉਪਜੇ ਅਤੇ ਬਦਲਕੇ ਪੰਜਾਬੀ ਵਿਚ ਆਏ ਸ਼ਬਦ ਅਤੇ ਉਚਾਰਣ 'ਕੋਝੇ' ਵੀ ਲਗਣਗੇ ਪਰ ਸਹਿਜੇ ਸਹਿਜੇ ਇਹ ਸ਼ਬਦ ਅਤੇ ਉਚਾਰਨ ਸਮੁੱਚੀ ਪੰਜਾਬੀ ਵਿਚ ਪ੍ਰਵਾਨ ਹੋਕੇ, ਉਸ ਦਾ ਅਟੁੱਟ ਅੰਗ ਬਣ ਜਾਣਗੇ, ਉਸ ਦੀ ਅਮੀਰੀ ਵਿਚ ਵਾਧਾ ਕਰਨਗੇ।

ਇਸ ਪ੍ਰਸੰਗ ਵਿਚ ਅੰਗਰੇਜ਼ੀ ਬੋਲੀ ਦੀ ਮਿਸਾਲ ਦਿਲਚਸਪ ਹੈ। ਵੀਹਵੀਂ ਸਦੀ ਦੇ ਅਰੰਭ ਤੱਕ ਅਮਰੀਕਾ ਦੀ ਅੰਗਰੇਜ਼ੀ ਵਿਚ ਅਨੇਕਾਂ ਸਥਾਨਕ ਸ਼ਬਦ ਰਲ ਗਏ, ਉਚਾਰਣ ਵੀ ਇੰਗਲੈਂਡ ਦੀ ਅੰਗਰੇਜ਼ੀ ਨਾਲੋਂ ਕਾਫੀ ਵਖਰਾ ਹੋ ਗਿਆ। ਜਦੋਂ ਅਮਰੀਕਨ ਅੰਗਰੇਜ਼ੀ ਦੇ ਨਵੇਂ ਸ਼ਬਦ ਅਤੇ ਈਡੀਅਮ ਵਾਪਸ ਇੰਗਲੈਂਡ ਦੀ 'ਸਟੈਂਡਰਡ' ਅੰਗਰੇਜ਼ੀ ਵਿਚ ਪ੍ਰਵੇਸ਼ ਕਰਨ ਲਗੇ ਤਾਂ ਫਾਊਲਰ ਵਰਗੇ ਇੰਗਲਿਸ਼ ਵਿਦਵਾਨਾਂ ਨੇ ਇਨ੍ਹਾਂ ਸ਼ਬਦਾਂ ਨੂੰ

ਘਟੀਆ ਅਤੇ ਵਲਗਰ ਕਿਹਾ ਅਤੇ ਇੰਗਲਿਸ਼ ਲੇਖਕਾਂ ਨੂੰ ਅਮਰੀਕਨ ਅੰਗਰੇਜ਼ੀ ਦੇ ਪ੍ਰਭਾਵ ਤੋਂ ਬਚਣ ਦੀ ਹਦਾਇਤ ਕੀਤੀ ਪਰ ਇਸ ਦੇ ਬਾਵਜੂਦ ਕਿਪਲਿੰਗ ਵਰਗੇ ਇੰਗਲਿਸ਼ ਸਾਹਿਤਕਾਰਾਂ ਨੇ ਅਮਰੀਕਨ ਅੰਗਰੇਜ਼ੀ ਦੇ ਸ਼ਬਦ ਆਪਣੀਆਂ ਲਿਖਤਾਂ ਵਿਚ ਵਰਤਣੇ ਸ਼ੁਰੂ ਕਰ ਦਿਤੇ ਜੋ ਹੌਲੀ ਹੌਲੀ ਇੰਗਲਿਸ਼ ਅੰਗਰੇਜ਼ੀ ਦਾ ਵੀ ਅੰਗ ਬਣ ਗਏ ਅਤੇ ਅੱਜ ਅਮਰੀਕਨ ਸਾਹਿਤ ਆਪ ਹੈਮਿੰਗਵੇ, ਸਟਾਈਨਬੈੱਕ ਅਤੇ ਐਜ਼ਰਾਪਾਊਂਡ ਵਰਗੇ ਕਈ ਲੇਖਕ ਪੈਦਾ ਕਰ ਚੁਕਾ ਹੈ ਜਿਨ੍ਹਾਂ ਉਤੇ ਸਮੁਚੇ ਅੰਗਰੇਜ਼ੀ ਸਾਹਿਤ ਨੂੰ ਮਾਣ ਹੈ।

ਪੰਜਾਬ ਦੇ ਪੰਜਾਬੀ ਸਾਹਿਤ ਅਤੇ ਵਿਦੇਸ਼ਾਂ ਦੇ ਪੰਜਾਬੀ ਸਾਹਿਤ ਦੇ ਮਿਆਰ ਵਿਚ ਵੀ ਅਜੇ ਬਹੁਤ ਅੰਤਰ ਹੈ ਪਰ ਮਹੱਤਵਪੂਰਣ ਗੱਲ ਇਹ ਹੈ ਕਿ ਵਿਦੇਸ਼ਾਂ ਵਿਚ ਪੰਜਾਬੀ ਸਾਹਿਤ ਸੰਜੀਦਗੀ ਨਾਲ ਰਚਿਆ ਜਾ ਰਿਹਾ ਹੈ ਅਤੇ ਵਿਦੇਸ਼ੀ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਲਈ ਇਹ ਵੀ ਜ਼ਰੂਰੀ ਹੈ ਕਿ ਸਮੁੱਚੇ ਪੰਜਾਬੀ ਸਾਹਿਤ ਵਿਚ ਇਸ ਨੂੰ ਸੰਜੀਦਗੀ ਨਾਲ ਹੀ ਵੇਖਿਆ ਜਾਵੇ। ਇਸ ਪ੍ਰਸੰਗ ਵਿਚ ਪੰਜਾਬ ਦੇ ਲੇਖਕਾਂ ਅਤੇ ਅਲੋਚਕਾਂ ਦਾ ਰਵੱਈਆ ਉਤਸ਼ਾਹਜਨਕ ਰਿਹਾ ਹੈ, ਉਨ੍ਹਾਂ ਦੀ ਮਿਲਵਰਤਣ ਅਤੇ ਸਰਪਰਸਤੀ ਵਿਦੇਸ਼ੀ ਪੰਜਾਬੀ ਸਾਹਿਤ ਰਚਨਾ ਵਿਚ ਅਹਿਮ ਰੋਲ ਅਦਾ ਕਰ ਰਹੇ ਹਨ।

ਵਿਦੇਸ਼ੀ ਪੰਜਾਬੀ ਸਾਹਿਤ ਦਾ ਮਿਆਰ ਭਾਵੇਂ ਅਜੇ ਪੰਜਾਬ ਦੇ ਪੰਜਾਬੀ ਸਾਹਿਤ ਵਾਲਾ ਨਹੀਂ ਪਰ ਇਸ ਕੋਲ ਪੇਸ਼ ਕਰਨ ਲਈ ਕੁਝ ਨਾ ਕੁਝ ਨਵਾਂ ਜ਼ਰੂਰ ਹੈ ਜੋ ਪੰਜਾਬ ਦੇ ਪੰਜਾਬੀ ਸਾਹਿਤ ਕੋਲ ਨਹੀਂ। 'ਕੈਨੇਡਾ ਦੀ ਪੰਜਾਬੀ ਕਵਿਤਾ' ਦੀ ਪ੍ਰਕਾਸ਼ਨਾਂ ਇਸੇ ਲਈ ਮਹੱਤਵਪੂਰਨ ਹੈ। ਇਸ ਵਿਚ ਕੈਨੇਡਾ ਵਿਚ ਰਹਿ ਰਹੇ 27 ਪੰਜਾਬੀ ਕਵੀਆਂ ਦੀਆਂ ਰਚਨਾਵਾਂ ਸ਼ਾਮਿਲ ਹਨ ਜਿਨ੍ਹਾਂ ਵਿਚੋਂ ਬਹੁਤ ਸਾਰੀਆਂ, ਵਿਸ਼ੇ ਅਤੇ ਰੂਪ ਦੇ ਪੱਖੋਂ ਪੰਜਾਬ ਦੀ ਕਵਿਤਾ ਨਾਲੋਂ ਵਖਰੀਆਂ ਹਨ। ਕੈਨੇਡਾ ਵਿਚਲੇ ਪੰਜਾਬੀ ਲੇਖਕ ਪਿਛਲੇ ਦਸ, ਪੰਦਰਾਂ ਸਾਲਾਂ ਤੋਂ ਹੀ ਕੈਨੇਡਾ ਆਏ ਹਨ, ਇਨ੍ਹਾਂ ਵਿਚੋਂ ਕੁਝ ਭਾਰਤ ਵਿਚ ਵੀ ਲਿਖਦੇ ਅਤੇ ਛਪਦੇ ਸਨ ਪਰ ਬਹੁਤੇ ਇਥੇ ਆ ਕੇ ਹੀ ਲਿਖਣ ਲਗੇ ਹਨ। ਕੈਨੇਡਾ ਆਉਣ ਪਿਛੋਂ ਵੀ ਪੰਜਾਬ ਅਤੇ ਪੰਜਾਬ ਦਾ ਸਭਿਆਚਾਰ ਮਨ ਉਤੇ ਛਾਏ ਰਹਿੰਦੇ ਹਨ—ਪਰ ਜਿਉਂ ਜਿਉਂ ਕੈਨੇਡਾ ਵਿਚ ਰਹਿੰਦਿਆਂ ਸਮਾਂ ਬੀਤਦਾ ਜਾਂਦਾ ਹੈ ਸਥਾਨਕ ਵਾਤਾਵਰਣ, ਸਥਿਤੀਆਂ, ਤਜਰਬੇ, ਹਾਦਸੇ, ਮਨਾਂ ਉਤੇ ਹਾਵੀ ਹੋਈ ਜਾਂਦੇ ਹਨ।

ਕੈਨੇਡਾ ਵਿਚ ਲਿਖੀ ਜਾ ਰਹੀ ਕਵਿਤਾ ਨੂੰ ਮੁੱਖ ਤੌਰ ਤੇ ਤਿੰਨ ਸ਼ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ।

ਪਹਿਲੀ ਸ਼ਰੇਣੀ ਵਿਚ ਉਹ ਲਿਖਤਾਂ ਹਨ ਜਿਨ੍ਹਾਂ ਦੇ ਲੇਖਕਾਂ ਨੇ ਕੈਨੇਡੀਅਨ ਸਮਾਜ ਨਾਲ ਆਪਣੇ ਸਿਧੇ ਪ੍ਰਤੀਕਰਮ ਕਵਿਤਾਵਾਂ ਰਾਹੀਂ ਪ੍ਰਗਟਾਏ ਹਨ—ਇਨ੍ਹਾਂ ਕਵਿਤਾਵਾਂ ਵਿਚ ਅਕਸਰ ਰੰਗ, ਨਸਲੀ ਅਤੇ ਕੌਮੀ ਵਿਤਕਰੇ ਵਿਰੁਧ ਰੋਹ ਅਤੇ ਗੁੱਸਾ ਹੈ ਤੇ ਇਸੇ ਤਰ੍ਹਾਂ ਦੇ ਹੋਰ ਵਿਸ਼ੇ ਹਨ। ਦੂਜੀ ਸ਼ਰੇਣੀ ਵਿਚ ਉਹ ਲਿਖਤਾਂ ਹਨ ਜਿਨ੍ਹਾਂ ਦੇ ਲੇਖਕਾਂ ਨੇ ਕੈਨੇਡਾ ਦੇ ਵਿਗਿਆਨਕ ਸਮਾਜਿਕ ਅਤੇ ਪਦਾਰਥਵਾਦੀ ਮਨੁਖੀ ਰਿਸ਼ਤਿਆਂ ਨੂੰ ਡੂੰਘਾਈ ਵਿਚ



ਵੇਖਿਆ ਹੈ, ਇਥੋਂ ਦੀਆਂ ਕਦਰਾਂ ਕੀਮਤਾਂ ਨੂੰ ਆਪਣੇ ਅੰਦਰ ਜਜ਼ਬ ਕੀਤਾ ਹੈ ਤੇ ਫਿਰ ਉਸ ਪ੍ਰਿਸ਼ਟਭੂਮੀ ਵਿਚੋਂ ਲਿਖਿਆ ਹੈ। ਤੀਜੀ ਸ਼੍ਰੇਣੀ ਵਿਚ ਪ੍ਰੋਗਰੈਸਿਵ ਵਿਸ਼ਿਆਂ ਉਤੇ ਲਿਖੀਆਂ ਜਾ ਰਹੀਆਂ ਕਵਿਤਾਵਾਂ ਹਨ ਜਿਨ੍ਹਾਂ ਦੇ ਲੇਖਕ ਮਾਰਕਸਵਾਦੀ ਫਲਸਫੇ ਤੋਂ ਪ੍ਰਭਾਵਤ ਹਨ। ਕੈਨੇਡਾ ਪਹੁੰਚ ਕੇ ਭਾਰਤ ਦੀ ਆਰਥਕ ਦਸ਼ਾ ਹੋਰ ,ਵੀ ਨਿੱਘਰੀ ਮਹਿਸੂਸ ਹੋਣ ਲੱਗਦੀ ਹੈ ਤੇ ਜਨਮ-ਭੂਮੀ ਪ੍ਰਤੀ ਜਜ਼ਬੇ ਹੋਰ ਤਿੱਖੇ ਵੇਗ ਨਾਲ ਉਠਦੇ ਹਨ—ਜਿਸਦੇ ਫਲ ਸਰੂਪ ਇਨ੍ਹਾਂ ਕਵਿਤਾਵਾਂ ਵਿਚ ਵਿਸ਼ੇ ਅਤੇ ਵਿਧੀਆਂ ਪੰਜਾਬ ਵਾਲੇ ਹੀ ਰਹਿੰਦੇ ਹਨ। ਕੁਝ ਕਵਿਤਾਵਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਸਭ ਸ਼੍ਰੇਣੀਆਂ ਰਲਗੱਡ ਹਨ। ਸਮੁੱਚੇ ਤੌਰ ਤੇ ਇਸ ਪੁਸਤਕ ਵਿਚੋਂ ਕੈਨੇਡੀਅਨ ਵਾਤਾਵਰਣ ਦਾ ਪ੍ਰਭਾਵ ਉਭਰਦਾ ਹੈ।

ਕੈਨੇਡਾ ਵਿਚ ਅੱਜ ਕਲ੍ਹ ਪੰਜਾਬੀ ਦੇ ਕਈ ਅਖ਼ਬਾਰ ਅਤੇ ਮੈਗਜ਼ੀਨ ਪ੍ਰਕਾਸ਼ਤ ਹੋ ਰਹੇ ਹਨ, ਕੁਝ ਸਭਾਵਾਂ ਅਤੇ ਐਸੋਸੀਏਸ਼ਨਾਂ ਵੀ ਹਨ। ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਕੈਨੇਡਾ ਦੀ ਪੰਜਾਬੀ ਸਾਹਿਤ ਰਚਨਾ ਵਿਚ ਵਿਸ਼ੇਸ਼ ਰੋਲ ਹੈ। 'ਕੈਨੇਡਾ ਦੀ ਪੰਜਾਬੀ ਕਵਿਤਾ' ਵੀ ਇਸੇ ਐਸੋਸੀਏਸ਼ਨ ਦੇ ਲੇਖਕਾਂ ਦੇ ਯਤਨਾਂ ਨਾਲ ਪ੍ਰਕਾਸ਼ਤ ਹੋ ਰਹੀ ਹੈ।

ਵੈਨਕੂਵਰ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦੀ ਸਥਾਪਨਾ ਮਈ 1973 ਵਿਚ ਹੋਈ—ਉਸ ਸਮੇਂ ਤੋਂ ਹੁਣ ਤਕ ਐਸੋਸੀਏਸ਼ਨ ਦੀ ਇਕਤਰੱਤਾ ਹਰ ਦੂਜੇ ਐਤਵਾਰ ਪੂਰੀ ਬਾਕਾਇਦਗੀ ਨਾਲ ਹੁੰਦੀ ਰਹੀ ਹੈ। ਇਨ੍ਹਾਂ ਇਕਤਰੱਤਾਵਾਂ ਵਿਚ ਅਨੇਕਾਂ ਕਵਿਤਾਵਾਂ, ਕਹਾਣੀਆਂ, ਲੇਖ ਅਤੇ ਨਾਟਕ ਪੜ੍ਹੇ ਅਤੇ ਪੜਚੋਲੇ ਗਏ ਹਨ—ਸਮੇਂ ਸਮੇਂ ਇਨ੍ਹਾਂ ਇਕੱਤ੍ਰਤਾਵਾਂ ਵਿਚ ਭਾਰਤ ਤੋਂ ਆਏ ਅਤੇ ਹੋਰ ਸਾਹਿਤਕਾਰ—ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਪ੍ਰੀਤਮ ਸਿੰਘ (ਆਰਸੀ), ਐਸ. ਐਸ. ਮੀਸ਼ਾ, ਹਿੰਦੀ ਨਾਵਲਕਾਰ ਜੇ. ਪੀ. ਦੀਕਸ਼ਿਤ, ਕੈਨੇਡੀਅਨ ਕਵਿਤ੍ਰੀ ਨੈਲੀ ਮੈਕੱਲੰਗ ਆਦਿ ਸ਼ਾਮਲ ਹੋਏ। ਇਕ ਬੈਠਕ ਵਿਚ ਕੈਨੇਡੀਅਨ ਪਰਾਯਥਾਰਥਵਾਦੀ ਲੇਖਕ ਮਾਈਕਲ ਬੁੱਲਕ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਡਾ: ਹਰਿਭਜਨ ਸਿੰਘ ਦੇ ਸਨਮਾਨ ਵਿਚ ਕੀਤੀ ਗਈ ਇਕ ਇਕਤਰੱਤਾ ਵਿਚ ਐਂਡੀ ਸ਼ਰੋਇਡਰ ਰਾਬਰਟ ਬ੍ਰਿੰਗਹਰਸਟ ਤੇ ਰੌਨ ਕਵਾਲੀਲੈਕ ਕੈਨੇਡੀਅਨ ਲੇਖਕ ਵੀ ਸ਼ਾਮਿਲ ਹੋਏ।

ਲਿਟਰੇਰੀ ਐਸੋਸੀਏਸ਼ਨ ਵਲੋਂ ਚਾਰ ਕਵੀ ਦਰਬਾਰ ਵੀ ਆਯੋਜਤ ਕੀਤੇ ਗਏ ਜਿਨ੍ਹਾਂ ਵਿਚ ਕਵਿਤਾਵਾਂ ਤੇ ਗੀਤਾਂ ਤੋਂ ਬਿਨਾਂ ਭਾਰਤ ਅਤੇ ਕੈਨੇਡਾ ਵਿਚ ਛਪਦੇ ਪੰਜਾਬੀ ਮੈਗਜ਼ੀਨਾਂ ਦੀ ਪ੍ਰਦਰਸ਼ਨੀ ਲਾਈ ਗਈ, ਕੈਨੇਡਾ ਦੇ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਅਤੇ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਤਸਵੀਰਾਂ ਵੀ ਪ੍ਰਦਰਸ਼ਤ ਕੀਤੀਆਂ ਗਈਆਂ। ਇਕ ਕਵੀ ਦਰਬਾਰ ਵਿਚ ਨਾਟਕ ਵੀ ਪੇਸ਼ ਕੀਤਾ ਗਿਆ।

ਇਸ ਕਾਵਿ ਸੰਗ੍ਰਹਿ ਵਿਚ ਕਵੀਆਂ ਦੀ ਤਰਤੀਬ ਵਰਣਾਤਮਕ (Alphabetical) ਹੈ। ਕਵਿਤਾਵਾਂ ਇਕੱਤਰ ਕਰਨ ਲਈ ਵੈਨਕੂਵਰ ਤੋਂ ਛਪਦੇ ਮਾਸਕ ਪੱਤਰ 'ਵਤਨੋਂ ਦੂਰ' ਵਿਚ ਕਈ ਵਾਰ ਸੂਚਨਾ ਦਿੱਤੀ ਗਈ ਅਤੇ ਤਿੰਨ ਚਾਰ

ਸਾਲ ਪੁਸਤਕ ਦੀ ਪ੍ਰਕਾਸ਼ਨਾ ਬਾਰੇ ਚਰਚਾ ਵੀ ਹੁੰਦੀ ਰਹੀ, ਇਸ ਤਰ੍ਹਾਂ ਕੈਨੇਡਾ ਦੇ ਸਾਰੇ
ਹਿੱਸਿਆਂ ਵਿਚੋਂ ਕਵਿਤਾਵਾਂ ਇਕੱਤਰ ਹੋ ਗਈਆਂ। ਕੁਝ ਕਵੀਆਂ ਨੇ ਸੂਚਨਾ ਮਿਲਣ
ਦੇ ਬਾਵਜੂਦ ਕਵਿਤਾਵਾਂ ਨਹੀਂ ਭੇਜੀਆਂ ਜਿਸ ਨਾਲ ਸਾਡੀ ਜਾਚੇ ਇਸ ਸੰਗ੍ਰਹਿ ਦੀ
ਮਹਤੱਤਾ ਵਿਚ ਕੋਈ ਫਰਕ ਨਹੀਂ ਪਿਆ ਕਿਉਂਕਿ ਪ੍ਰਾਪਤ ਹੋਈਆਂ ਕਵਿਤਾਵਾਂ ਵਿਚੋਂ
ਕੈਨੇਡਾ ਵਿਚ ਲਿਖੀ ਜਾ ਰਹੀ ਹਰ ਸ੍ਰੇਣੀ ਦੀ ਕਵਿਤਾ ਦੀ ਚੋਣ ਤਸੱਲੀ ਬਖ਼ਸ਼ ਹੋ ਗਈ।
ਕੁਝ ਹੋਰ ਕਵੀ ਵੀ ਪੁਸਤਕ ਵਿਚ ਕੁਝ ਹੋਰ ਕਾਰਣਾਂ ਸਦਕਾ ਸ਼ਾਮਿਲ ਨਹੀਂ ਕੀਤੇ ਜਾ
ਸਕੇ। ਮੁੱਖ ਤੌਰ ਤੇ ਇਹ ਪੁਸਤਕ ਕੈਨੇਡਾ ਦੀ ਨਵੇਂ ਮੁਹਾਵਰੇ ਵਾਲੀ ਪੰਜਾਬੀ ਕਵਿਤਾ ਦੀ
ਪ੍ਰਤੀਨਿਧਤਾ ਕਰਦੀ ਹੈ।

ਦੇਸ ਪ੍ਰਦੇਸ ਦੇ ਪਾਠਕਾਂ ਲੇਖਕਾਂ ਵਲੋਂ ਹੁੰਗਾਰੇ ਦੀ ਅਤੇ ਸੁਝਾਵਾਂ ਦੀ ਉਡੀਕ
ਰਹੇਗੀ।

**ਅਜਮੇਰ ਰੋਡੇ**

ਵਲੋਂ

ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਵੈਨਕੂਵਰ



# ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ–ਜਨਮ ਅਤੇ ਵਿਕਾਸ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਇਸ ਸਮੇਂ ਕੈਨੇਡਾ ਵਿਚ ਪੰਜਾਬੀ ਦੀ
ਸਭ ਤੋਂ ਵੱਡੀ ਅਤੇ ਸਰਗਰਮ ਸਾਹਿਤੱਕ-ਸੰਸਥਾ ਹੈ। ਪਿਛਲੇ ਸੱਤ ਸਾਲਾਂ ਵਿਚ ਇਸਨੇ
ਲੇਖਕਾਂ ਨੂੰ ਸਾਹਿੱਤ-ਸਿਰਜਣਾ ਲਈ ਉਤਸ਼ਾਹਤ ਕਰਕੇ; ਕਵੀ ਦਰਬਾਰ ਕਰਕੇ, ਸਮਕਾਲੀ
ਪੰਜਾਬੀ ਸਾਹਿੱਤ ਬਾਰੇ ਚਰਚਾ ਕਰਕੇ, ਪੰਜਾਬ ਅਤੇ ਪੰਜਾਬੀ ਨਾਲ ਸੰਬੰਧਤ ਮਸਲਿਆਂ
ਬਾਰੇ ਮਤਿਆਂ ਰਾਹੀਂ ਆਪਣੀ ਆਵਾਜ਼ ਉਠਾਕੇ, ਹਿੰਦੁਸਤਾਨ, ਇੰਗਲੈਂਡ ਅਤੇ ਕੈਨੇਡਾ
ਦੇ ਪੰਜਾਬੀ ਅਤੇ ਗ਼ੈਰ-ਪੰਜਾਬੀ ਸਾਹਿੱਤਕਾਰਾਂ ਅਤੇ ਕਲਾਕਾਰਾਂ ਦੇ ਵਿਚਾਰ ਲੋਕਾਂ ਤੱਕ
ਪਹੁੰਚਾਉਣ ਲਈ ਵਿਸ਼ੇਸ਼ ਸਮਾਰੋਹ ਅਤੇ ਮੀਟਿੰਗਾਂ ਕਰਕੇ, ਅਤੇ ਹੁਣ ਕੈਨੇਡਾ ਭਰ ਦੇ
ਚੋਣਵੇਂ ਕਵੀਆਂ ਦਾ ਕਾਵਿ-ਸੰਗ੍ਰਹਿ ਛਾਪਣ ਦੇ 1976 ਵਿੱਚ ਸ਼ੁਰੂ ਕੀਤੇ ਯਤਨ ਨੂੰ ਅੰਤਮ
ਰੂਪ ਦੇਕੇ, ਆਪਣੇ ਵਿਕਾਸ ਦੇ ਵੱਖ ਵੱਖ ਪੜਾਵਾਂ ਵਿੱਚੋਂ ਵਿਚਰਦਿਆਂ ਕਦੇ ਮੱਠੀ ਅਤੇ
ਕਦੇ ਤੇਜ਼ ਰਫ਼ਤਾਰ ਨਾਲ ਕੈਨੇਡਾ ਦੇ ਪੰਜਾਬੀ ਸਾਹਿੱਤ ਦੀ ਸੇਵਾ ਵਿੱਚ ਆਪਣਾਂ ਮਹੱਤਵ
ਪੂਰਨ ਰੋਲ ਅਦਾ ਕੀਤਾ ਹੈ।

ਵੀਂਹਵੀ ਸਦੀ ਦੀ ਪਹਿਲੀ ਚੌਥਾਈ ਵਿਚ 'ਗਦਰ' ਅਤੇ 'ਗਦਰ ਗੂੰਜਾਂ' ਰਾਹੀਂ
ਕੈਨੇਡਾ ਵਿੱਚ ਰਚੇ ਗਏ ਇਨਕਲਾਬੀ ਸਾਹਿੱਤ ਤੋਂ ਬਾਅਦ ਇਸ ਸਦੀ ਦੀ ਅੰਤਲੀ
ਚੌਥਾਈ ਵਿਚ ਵਿਸ਼ਵ ਪੰਜਾਬੀ ਸਾਹਿੱਤ ਦੇ ਸੰਦਰਭ ਵਿਚ ਜੋ ਕੈਨੇਡੀਅਨ ਪੰਜਾਬੀ ਸਾਹਿੱਤ
ਦਾ ਜ਼ਿਕਰ ਮੁੜਕੇ ਹੋਣਾ ਸ਼ੁਰੂ ਹੋਇਆ ਹੈ, ਇਸਦੇ ਮੁੱਖ ਕਾਰਣਾਂ ਵਿਚ ਮਾਸਕ ਪੱਤਰ
'ਵਤਨੋਂ ਦੂਰ' ਦੀ ਪ੍ਰਕਾਸ਼ਨਾਂ ਤੋਂ ਬਾਅਦ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ
ਨਿਰੰਤਰ ਘਾਲਣਾ ਇਕ ਇਤਿਹਾਸਕ ਸੱਚਾਈ ਹੈ।

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਦਾ ਜਨਮ 6 ਜਨਵਰੀ 1973 ਨੂੰ ਗੁਰਚਰਨ
ਰਾਮਪੁਰੀ, ਸੁਰਿੰਦਰ ਧੰਜਲ ਅਤੇ ਗੁਰਦਿਆਲ ਕੰਵਲ ਦੇ ਸਾਂਝੇ ਯਤਨਾਂ ਨਾਲ ਹੋਈ ਇਕ
ਮੀਟਿੰਗ ਵਿੱਚ ਹੋਇਆ ਜਿਸ ਵਿਚ ਗੁਰਮੇਲ ਰਾਹੀ (ਹੁਣ ਡਾ: ਗੁਰੂਮੇਲ); ਸਾਧੂ, ਕਰਮ
ਸਿੰਘ, ਜਸਵਿੰਦਰ ਭੰਗੂ, ਬਲਦੇਵ ਦੂਹੜਾ, ਰਣਜੀਤ ਕਿੰਗਰਾ, ਇੰਦਰੇਸ਼ ਅਤੇ ਮਹਿੰਦਰ
ਸੂਮਲ ਆਦਿਕ ਪੰਦਰਾਂ ਸਾਹਿਤ-ਰਸੀਏ ਸ਼ਾਮਲ ਸਨ। ਮੀਟਿੰਗ ਵਿੱਚ ਸਰਬ-ਸੰਮਤੀ ਨਾਲ
ਗੁਰਚਰਨ ਰਾਮਪੁਰੀ ਨੂੰ ਪ੍ਰਧਾਨ ਅਤੇ ਸੁਰਿੰਦਰ ਧੰਜਲ ਨੂੰ ਸੰਗਠਨ ਸਕੱਤਰ ਚੁਣ ਲਿਆ
ਗਿਆ। ਫ਼ੈਸਲਾ ਹੋਇਆ ਕਿ ਜ਼ਿਆਦਾ ਲੇਖਕਾਂ ਨੂੰ ਸ਼ਾਮਲ ਕਰਨ ਲਈ ਵਿਸ਼ੇਸ਼ ਯਤਨ
ਕੀਤੇ ਜਾਣ ਅਤੇ ਕੋਈ ਛੇ ਕੁ ਮਹੀਨੇ ਬਾਅਦ ਪੂਰੀ ਐਗਜ਼ੈਕਟਿਵ ਕਮੇਟੀ ਚੁਣ ਕੇ ਜ਼ੋਰ
ਸ਼ੋਰ ਨਾਲ ਸਰਗਰਮੀਆਂ ਆਰੰਭੀਆਂ ਜਾਣ। ਸੰਸਥਾ ਦੀ ਪਹਿਲੀ ਬਾਕਾਇਦਾ ਚੋਣ
27 ਜੁਲਾਈ 1973 ਨੂੰ ਹੋਈ। ਉਦੋਂ ਤੋਂ ਹੁਣ ਤੱਕ ਐਸੋਸੀਏਸ਼ਨ ਆਪਣੀਆਂ ਬਾਕਾਇਦਾ
ਮੀਟਿੰਗਾਂ ਵਿੱਚ ਕੈਨੇਡਾ ਵਿੱਚ ਰਚੇ ਜਾ ਰਹੇ ਨਾਵਲ, ਨਾਟਕ, ਕਹਾਣੀ, ਕਵਿਤਾ ਤੇ ਲੇਖ
ਆਦਿ ਸਾਹਿੱਤ ਰੂਪਾਂ ਉੱਤੇ ਸਿਹਤਮੰਦ ਵਿਚਾਰ ਵਟਾਂਦਰੇ ਰਾਹੀਂ ਲੇਖਕਾਂ ਨੂੰ ਉਤਸ਼ਾਹ
ਅਤੇ ਚੇਤਨਤਾ ਪ੍ਰਦਾਨ ਕਰਨ ਦੇ ਨਾਲ ਨਾਲ ਪਹਿਲੇ ਪਹਿਰੇ ਵਿੱਚ ਦੱਸੇ ਗਏ ਕਾਰਜ

ਦ੍ਰਿੜ੍ਹਤਾ ਨਾਲ ਨਿਭਾਉਂਦੀ ਚਲੀ ਆ ਰਹੀ ਹੈ। 'ਕਿਸੇ ਸੰਸਥਾ ਦਾ ਪਹਿਲਾ ਇਤਿਹਾਸ ਲਿਖਦੇ ਸਮੇਂ ਤੱਥਾਂ ਅਤੇ ਪ੍ਰਮਾਣਿਕ ਰੂਪ ਵਿਚ ਸਾਂਭਣਾ ਅਤੀ ਜ਼ਰੂਰੀ ਹੈ', ਇਸ ਤੇ ਆਧਾਰਤ ਐਸੋਸੀਏਸ਼ਨ ਦਾ ਇਤਿਹਾਸ ਉਲੀਕਣ ਦਾ ਯਤਨ ਹੈ।

## ਐਗਜ਼ੈਕਟਿਵ ਕਮੇਟੀਆਂ

ਹੁਣ ਤੱਕ ਇਨ੍ਹਾਂ ਐਗਜ਼ੈਕਟਿਵ ਕਮੇਟੀਆਂ ਨੇ ਰੋਲ ਅਦਾ ਕੀਤਾ ਹੈ:

(ੳ) ਜੁਲਾਈ 1973—ਜੂਨ 1974 (ਚੋਣ : 27 ਜੁਲਾਈ 1973):
ਪ੍ਰਧਾਨ : ਗੁਰਚਰਨ ਰਾਮਪੁਰੀ, ਮੀਤ ਪ੍ਰਧਾਨ : ਗਿੱਲ ਮੋਰਾਂਵਾਲੀ
ਜਨਰਲ ਸਕੱਤਰ : ਸੁਰਿੰਦਰ ਧੰਜਲ, ਪ੍ਰੈਸ ਸਕੱਤਰ : ਜਰਨੈਲ ਸਿੰਘ (ਜਗਦੀਸ਼ ਸ਼ਰਨ)
ਅਰਥ ਸਕੱਤਰ : ਸਾਧੂ, ਐਗ: ਮੈਂਬਰ : ਦਲਜੀਤ ਤੂਰ ਤੇ ਕਰਮ ਸਿੰਘ

(ਅ) ਜੂਨ 1974—ਜੂਨ 1975 (ਚੋਣ : 2 ਜੂਨ 1974):
ਪ੍ਰਧਾਨ : ਗੁਰਚਰਨ ਰਾਮਪੁਰੀ, ਮੀਤ ਪ੍ਰਧਾਨ : ਰਾਮਿੰਦਰ ਦੋਸਾਂਝ
ਜਨਰਲ ਸਕੱਤਰ : ਅਜਮੇਰ ਰੋਡੇ, ਪ੍ਰੈੱਸ ਸਕੱਤਰ : ਜਗਦੀਸ਼ ਸ਼ਰਨ
ਅਰਥ ਸਕੱਤਰ : ਸਾਧੂ, ਐਗ: ਮੈਂਬਰ : ਦਲਜੀਤ ਤੂਰ ਤੇ ਕਰਮ ਸਿੰਘ

(ੲ) ਜੂਨ 1975—ਮਈ 1977 (ਚੋਣ : 29 ਜੂਨ 1975):
ਪ੍ਰਧਾਨ : ਗੁਰਚਰਨ ਰਾਮਪੁਰੀ, ਮੀਤ ਪ੍ਰਧਾਨ : ਕਰਨੈਲ ਮਾਨ (ਡਾ: ਗੁਰੂਮੇਲ)
ਜਨਰਲ ਸਕੱਤਰ : ਅਜਮੇਰ ਰੋਡੇ, ਪ੍ਰੈਸ ਸਕੱਤਰ : ਸੁਰਿੰਦਰ ਧੰਜਲ
ਅਰਥ ਸਕੱਤਰ : ਸਾਧੂ, ਐਗ: ਮੈਂਬਰ : ਕਰਮ ਸਿੰਘ, ਬਲਦੇਵ ਦੂਹੜਾ, ਜਰਨੈਲ ਸਿੰਘ, ਸੁਬੇਗ ਦਿਓਲ

(ਸ) ਮਈ 1977—ਮਈ 1978 (ਚੋਣ : 22 ਮਈ 1977):
ਪ੍ਰਧਾਨ : ਜਰਨੈਲ ਸਿੰਘ, ਜਨਰਲ ਸਕੱਤਰ : ਸੂਫੀ ਅਮਰਜੀਤ
ਅਰਥ ਸਕੱਤਰ : ਸਰਵਨ ਬੋਲ
ਐਗਜ਼ੈਕਟਿਵ ਮੈਂਬਰ : ਗੁਰਚਰਨ ਰਾਮਪੁਰੀ, ਡਾ: ਗੁਰੂਮੇਲ, ਅਜਮੇਰ ਰੋਡੇ, ਹਰਦੇਵ ਵੜੈਚ

(ਹ) ਮਈ 1978—ਨਵੰਬਰ 1979 (ਚੋਣ : 28 ਮਈ 1978):
ਪ੍ਰਧਾਨ : ਅਜਮੇਰ ਰੋਡੇ
ਜਨਰਲ ਸਕੱਤਰ : ਸੁਖਵੰਤ ਹੁੰਦਲ, ਅਰਥ ਸਕੱਤਰ : ਸ਼ਮਸ਼ੇਰ ਭੱਟੀ

(ਕ) 1979-80 ਦੀ ਮੌਜੂਦਾ ਐਗਜ਼ੈਕਟਿਵ ਕਮੇਟੀ:
ਪ੍ਰਧਾਨ : ਅਮਰਜੀਤ ਚਾਹਲ
ਜਨਰਲ ਸਕੱਤਰ : ਸੁਖਵੰਤ ਹੁੰਦਲ, ਅਰਥ ਸਕੱਤਰ : ਸ਼ਮਸ਼ੇਰ ਭੱਟੀ

## ਸਾਹਿੱਤ ਸਿਰਜਣਾ ਅਤੇ ਸਮਾਲੋਚਨਾ

(ੳ) ਮਈ, ਜੂਨ, ਜੁਲਾਈ 1974 ਵਿੱਚ ਐਸੋਸੀਏਸ਼ਨ ਦੀਆਂ ਪੜਚੋਲੀਆਂ ਗਈਆਂ ਰਚਨਾਵਾਂ ਵਿਚੋਂ ਇਕ ਸਪਲੀਮੈਂਟ 'ਅਸੀਂ' ਸਿਰਲੇਖ ਹੇਠ ਤਿਆਰ ਕਰ ਕੇ



ਛਪਵਾਇਆ ਗਿਆ ਜਿਸ ਵਿਚ ਗੁਰਚਰਨ ਰਾਮਪੁਰੀ, ਅਜਮੇਰ ਰੋਡੇ ਤੇ ਸਾਧੂ ਦੀਆਂ ਰਚਨਾਵਾਂ ਸ਼ਾਮਲ ਸਨ।

[ਰੀਪੋਰਟ : ਗੁਰਚਰਨ ਰਾਮਪੁਰੀ—'ਵਤਨੋਂ ਦੂਰ' ਅਕਤੂਬਰ 74]

(ਅ) ਕਈ ਪੂਰੇ ਦੀਆਂ ਪੂਰੀਆਂ ਮੀਟਿੰਗਾਂ ਇਨ੍ਹਾਂ ਨਾਵਲਾਂ ਦੇ ਸਿਰਜਣਾਤਮਕ ਪਹਿਲੂਆਂ ਨੂੰ ਉਘਾੜਨ ਵਾਲੀਆਂ ਭਰਪੂਰ ਬਹਿਸਾਂ ਲਈ ਵਰਤੇ ਜਾਣਾ ਐਸੋਸੀਏਸ਼ਨ ਦਾ ਦਿਲਚਸਪ ਕਾਂਡ ਹੈ:

(i) **Animae Farm---George Orwell** (9 ਦਸੰਬਰ 1973)
(ii) ਤਿੱਤਰ ਖੰਭੀ ਜੂਹ—ਪ੍ਰੇਮ ਗੋਰਖੀ (28 ਜੁਲਾਈ 1974)
(iii) ਸ਼ਹੀਦ ਊਧਮ ਸਿੰਘ—ਕੇਸਰ ਸਿੰਘ (8 ਸਤੰਬਰ 1974)

[ਰੀਪੋਰਟ : ਅਜਮੇਰ ਰੋਡੇ—'ਵਤਨੋਂ ਦੂਰ' ਅਕਤੂਬਰ 74]

(iv) ਲਹਿਰ ਵਧਦੀ ਗਈ—ਕੇਸਰ ਸਿੰਘ (10 ਅਗਸਤ 1975)

[ਰੀਪੋਰਟ : ਅਜਮੇਰ ਰੋਡੇ—'ਵਤਨੋਂ ਦੂਰ' ਸਤੰਬਰ 75]

(ੲ) ਐਸੋਸੀਏਸ਼ਨ ਦੇ ਮੈਂਬਰਾਂ ਵਲੋਂ ਇਕ ਦੂਜੇ ਦੀ ਸਮੁੱਚੀ ਸਾਹਿੱਤਕ ਦੇਣ ਬਾਰੇ ਲਿਖੇ ਲੇਖ ਗਿਣਤੀ ਵਿੱਚ ਥੋੜੇ ਹੀ ਹਨ, ਪਰ ਚਰਚਾ ਦਾ ਵਿਸ਼ਾ ਜ਼ਿਆਦਾ ਬਣੇ:

(i) 'ਸਾਧੂ ਦੀ ਸੋਨੇ ਰੰਗੀ ਸੜਕ—ਇਕ ਅਧਿਐਨ'—ਜਰਨੈਲ ਸਿੰਘ—13 ਫਰਵਰੀ 77

['ਵਤਨੋਂ ਦੂਰ' ਜੁਲਾਈ 1977]

(ii) 'ਗੁਰਚਰਨ ਰਾਮਪੁਰੀ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ'—ਜਰਨੈਲ ਸਿੰਘ—27 ਮਾਰਚ 77

[ਰੀਪੋਰਟ : ਅਜਮੇਰ ਰੋਡੇ—'ਵਤਨੋਂ ਦੂਰ' ਮਈ 77]

(iii) 'ਕਵੀ ਗੁਰਚਰਨ ਰਾਮਪੁਰੀ'—ਸੁਰਿੰਦਰ ਧੰਜਲ—14 ਅਗਸਤ 77

[ਵਤਨੋਂ ਦੂਰ ਅਗਸਤ 1977]

(ਸ) ਹੇਠ ਲਿਖੀਆਂ ਸਰਗਰਮੀਆਂ ਵਿਸ਼ੇਸ਼ ਅਹਿਮੀਅਤ ਰਖਦੀਆਂ ਹਨ ਜੋ ਸਾਹਿਤਕ ਹੋਣ ਦੇ ਨਾਲ ਨਾਲ ਥੀਏਟਰ, ਰੇਡੀਓ ਤੇ ਫਿਲਮ-ਕਲਾ ਨਾਲ ਵੀ ਸੰਬੰਧਤ ਹਨ:

(i) ਵਤਨੋਂ ਦੂਰ ਆਰਟ ਫਾਊਂਡੇਸ਼ਨ ਵਲੋਂ ਵੈਨਕੂਵਰ ਵਿੱਚ ਖੇਡੇ ਗਏ ਨਾਟਕ 'ਰੱਤਾ ਸਾਲੂ' ਦੀ ਪੇਸ਼ਕਾਰੀ ਬਾਰੇ ਹੋਈ ਬਹਿਸ(22 ਸਤੰਬਰ 74)

(ii) ਕਲਕੱਤੇ ਦੀਆਂ ਗੰਦੀਆਂ ਬਸਤੀਆਂ ਦੀ ਕਰੁਣਾਮਈ ਤਸਵੀਰ ਪੇਸ਼ ਕਰਦੀ ਫਿਲਮ 'ਕੈਲਕੱਟਾ' ਦੀ ਵੈਨਕੂਵਰ-ਪਰਦਰਸ਼ਨੀ ਬਾਰੇ ਸ਼ਮਸ਼ੇਰ ਭੱਟੀ ਦੇ ਲੇਖ ਤੇ ਹੋਈ ਬਹਿਸ

[ਰੀਪੋਰਟ : ਸੁਖਵੰਤ ਹੁੰਦਲ-'ਵਤਨੋਂ ਦੂਰ' ਮਈ ਜੂਨ 79]

(iii) ਰੇਡੀਓ ਸਬ-ਕਮੇਟੀ (ਸੁਰਜੀਤ ਕਲਸੀ, ਗਿੱਲ ਮੋਰਾਂਵਾਲੀ, ਕਰਮ ਸਿੰਘ, ਜਗਦੀਸ਼ ਸ਼ਰਨ) ਰਾਹੀਂ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿੱਚ ਪੜਚੋਲੀਆਂ

ਗਈਆਂ ਚੋਣਵੀਆਂ ਰਚਨਾਵਾਂ ਦੇ 'ਕੋਆਪਰੇਟਿਵ ਰੇਡੀਓ ਸਟੇਸ਼ਨ ਵੈਨਕੂਵਰ' ਤੋਂ ਪ੍ਰਸਾਰਤ ਹੋਏ ਰੇਡੀਓ ਪ੍ਰੋਗਰਾਮ (ਸਤੰਬਰ 74)

(ਅਨਾਊਂਸਰ : ਸੁਰਜੀਤ ਕਲਸੀ)

## ਕਵੀ ਦਰਬਾਰ

ਐਸੋਸੀਏਸ਼ਨ ਹੁਣ ਤੱਕ ਚਾਰ ਕਵੀ ਦਰਬਾਰ ਭਰਪੂਰ ਸਫਲਤਾ ਨਾਲ ਪੇਸ਼ ਕਰ ਚੁੱਕੀ ਹੈ। ਦੂਜਾ ਅਤੇ ਚੌਥਾ ਕਵੀ ਦਰਬਾਰ ਕ੍ਰਮਵਾਰ ਡਾ: ਹਰਿਭਜਨ ਸਿੰਘ ਅਤੇ ਸੋਹਣ ਸਿੰਘ ਮੀਸ਼ਾ ਦੇ ਸਨਮਾਨ ਵਿੱਚ ਕੀਤੇ ਗਏ। ਸਾਰੇ ਕਵੀ ਦਰਬਾਰਾਂ ਵਿੱਚ ਐਸੋਸੀਏਸ਼ਨ ਵਲੋਂ ਇਕ ਵਿਸ਼ੇਸ਼ ਪ੍ਰਦਰਸ਼ਨੀ ਵੀ ਦਿਖਾਈ ਗਈ ਜਿਸ ਵਿੱਚ ਪ੍ਰਸਿੱਧ ਪੰਜਾਬੀ ਲੇਖਕਾਂ ਦੀਆਂ ਤਸਵੀਰਾਂ, ਨਵੇਂ ਪੁਰਾਣੇ ਸਾਹਿੱਤਕ ਪਰਚੇ ਅਤੇ ਕੈਨੇਡੀਅਨ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਸ਼ਾਮਲ ਸਨ :

(ੳ) ਪਹਿਲਾ ਕਵੀ ਦਰਬਾਰ : 1 ਮਈ 1976

ਭਾਗ ਲੈਣ ਵਾਲੇ : ਗੁਰਚਰਨ ਰਾਮਪੁਰੀ, ਡਾ: ਗੁਰੂਮੇਲ, ਸੁਰਿੰਦਰ ਧੰਜਲ, ਅਜਮੇਰ ਰੋਡੇ, ਸਾਧੂ, ਗਿੱਲ ਮੋਰਾਂਵਾਲੀ, ਸੁਰਜੀਤ ਕਲਸੀ, ਉੱਜਲ ਦੋਸਾਂਝ, ਕਰਮ ਸਿੰਘ, ਸਰਵਨ ਧਾਲੀਵਾਲ, ਚਰਨ ਪਲਾਹੀ, ਸੁਖਮਿੰਦਰ, ਅਮਰੀਕ ਪਲਾਹੀ, ਅਨੋਖ ਸਿੰਘ ਆਦਮੀ, ਬਖਸ਼ੀਸ਼ ਢਿਲੋਂ, ਦਲਜੀਤ ਕਲਿਆਣਪੁਰੀ, ਜਥੇਦਾਰ ਮੂਲਾ ਸਿੰਘ, ਬਲਬੀਰ ਸਿੰਘ ਭੰਗੂ

[ਰਿਪੋਰਟ : ਸੁਰਿੰਦਰ ਧੰਜਲ—'ਵਤਨੋਂ ਦੂਰ' ਜੂਨ 76]

(ਅ) ਦੂਜਾ ਕਵੀ ਦਰਬਾਰ : 11 ਸਤੰਬਰ 1976

ਭਾਗ ਲੈਣ ਵਾਲੇ : ਡਾ: ਹਰਿਭਜਨ ਸਿੰਘ, ਗੁਰਚਰਨ ਰਾਮਪੁਰੀ, ਡਾ: ਗੁਰੂਮੇਲ, ਸੁਰਿੰਦਰ ਧੰਜਲ, ਅਜਮੇਰ ਰੋਡੇ, ਸੁਰਜੀਤ ਕਲਸੀ, ਗਿੱਲ ਮੋਰਾਂਵਾਲੀ, ਕਰਮ ਸਿੰਘ, ਦਰਸ਼ਨ ਬੈਂਸ, ਜਗਦੀਸ਼ ਕੌਰ, ਅੰਮ੍ਰਿਤ ਮਾਨ, ਬਲਬੀਰ ਸਿੰਘ ਭੰਗੂ

[ਰਿਪੋਰਟ : ਭੂਪਿੰਦਰ ਧਾਰੀਵਾਲ–'ਵਤਨੋਂ ਦੂਰ' ਅਕਤੂਬਰ 76]

(ੲ) ਤੀਜਾ ਕਵੀ ਦਰਬਾਰ : 10 ਦਸੰਬਰ 1977

ਭਾਗ ਲੈਣ ਵਾਲੇ, ਅਜਮੇਰ ਰੋਡੇ, ਸਾਧੂ, ਅਮਰਜੀਤ ਚਾਹਲ, ਹਰਦੇਵ ਵੜੈਚ, ਜਰਨੈਲ ਸਿੰਘ, ਸੂਫੀ ਅਮਰਜੀਤ, ਸੱਜਣ ਬੈਂਸ, ਦਰਸ਼ਨ ਬੈਂਸ, ਨਰਿੰਦਰ ਭਾਗੀ, ਮਹਿੰਦਰ ਸੂਮਲ, ਇਕਬਾਲ ਸੂਮਲ, ਬਚਿੱਤਰ, ਜਸਵਿੰਦਰ ਕੂਨਰ, ਰਾਮ ਸਿੰਘ ਢਿਲੋਂ, ਜਥੇਦਾਰ ਮੂਲਾ ਸਿੰਘ, ਬਲਜੀਤ ਸਿੰਘ, ਬਖਸ਼ੀਸ਼ ਢਿਲੋਂ, ਦਲਜੀਤ ਕਲਿਆਣਪੁਰੀ, ਦੇਵਿੰਦਰ ਹੁੰਦਲ, ਬਲਬੀਰ ਸਿੰਘ ਭੰਗੂ

[ਰਿਪੋਰਟ : ਜਰਨੈਲ ਸਿੰਘ–'ਵਤਨੋਂ ਦੂਰ' ਜਨ: ਫਰ: 78]

(ਸ) ਚੌਥਾ ਕਵੀ ਦਰਬਾਰ : 2 ਸਤੰਬਰ 1978

ਭਾਗ ਲੈਣ ਵਾਲੇ : ਸੋਹਣ ਸਿੰਘ ਮੀਸ਼ਾ, ਗੁਰਚਰਨ ਰਾਮਪੁਰੀ, ਅਜਮੇਰ ਰੋਡੇ, ਸਾਧੂ, ਅਮਰਜੀਤ ਚਾਹਲ, ਜਰਨੈਲ ਸਿੰਘ, ਸੁਖਵੰਤ ਹੁੰਦਲ, ਉਜਲ ਦੋਸਾਂਝ,



ਹਰਦੇਵ ਵੜੈਚ, ਗਿੱਲ ਮੋਰਾਂਵਾਲੀ, ਹਰਜੀਤ, ਬਚਿੱਤਰ ਬੱਧਣੀ, ਰਣਬੀਰ ਖੰਨਾ, ਬਖਸ਼ੀਸ਼ ਢਿਲੋਂ, ਧਿਆਨ ਸਿੰਘ ਰੜਕ, ਭਵਖੰਡਨ, ਬਲਬੀਰ ਸਿੰਘ ਭੰਗੂ

[ਰਿਪੋਰਟ 'ਵਤਨੋਂ ਦੂਰ' ਸਤੰਬਰ 78]

ਤੀਜੇ ਕਵੀ ਦਰਬਾਰ ਸਮੇਂ ਅਜਮੇਰ ਰੋਡੇ ਦਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਇਕਾਂਗੀ 'ਦੂਜਾ ਪਾਸਾ', (ਕਲਾਕਾਰ : ਇੰਦਰੇਸ਼, ਪਾਲਬਿਨਿੰਗ, ਦਰਸ਼ਨ ਬੈਂਸ, ਕਰਮਜੀਤ ਘੁਮਾਣ, ਭਵਖੰਡਨ, ਰਘੁਬੀਰ, ਸੁਰਜੀਤ ਕਲਸੀ, ਉਦੇ ਕੋਰਟਾਨਾ) ਵੀ ਸਫਲਤਾ ਪੂਰਬਕ ਖੇਡਿਆ ਗਿਆ।

## ਮਹਿਮਾਨ ਕਲਾਕਾਰ

ਡਾ: ਹਰਿਭਜਨ ਸਿੰਘ ਅਤੇ ਸੋਹਣ ਸਿੰਘ ਮੀਸ਼ਾ ਤੋਂ ਬਿਨਾਂ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿਚ ਬਹੁਤ ਸਾਰੇ ਮਹਿਮਾਨ ਕਲਾਕਾਰਾਂ, ਸਾਹਿੱਤਕਾਰਾਂ, ਸੰਪਾਦਕਾਂ ਅਤੇ ਵਿਦਵਾਨਾਂ ਨੇ ਭਾਗ ਲਿਆ—ਸਭਨਾਂ ਦਾ ਐਸੋਸੀਏਸ਼ਨ ਵਲੋਂ ਨਿੱਘਾ ਸਵਾਗਤ ਕੀਤਾ ਗਿਆ :

(ੳ) ਨੀਨਾ ਟਿਵਾਣਾ (ਪੰਜਾਬ ਕਲਾਮੰਚ, ਪਟਿਆਲਾ) — ਜੁਲਾਈ 1973

(ਅ) ਪ੍ਰੀਤਮ ਸਿੰਘ (ਸੰਪਾਦਕ ਆਰਸੀ) — 22 ਸਤੰਬਰ 73

(ੲ) ਯੋਗ ਰਾਜ ਸੇਢਾ (ਵਤਨੋਂ ਦੂਰ ਆਰਟ ਫਾਊਂਡੇਸ਼ਨ) — 22 ਸਤੰਬਰ 74

(ਸ) ਜੇ. ਪੀ. ਦੀਕਸ਼ਿਤ (ਹਿੰਦੀ ਨਾਵਲਕਾਰ) — 15 ਜੂਨ 75 ਅਤੇ ਜੁਲਾਈ 1977

[ਰਿਪੋਰਟ : ਅਜਮੇਰ ਰੋਡੇ — 'ਵਤਨੋਂ ਦੂਰ' ਸਤੰਬਰ 75]

(ਹ) ਕੇਸਰ ਸਿੰਘ (ਪੰਜਾਬੀ ਨਾਵਲਕਾਰ) — 13 ਜੁਲਾਈ 75

[ਰਿਪੋਰਟ : ਅਜਮੇਰ ਰੋਡੇ —'ਵਤਨੋਂ ਦੂਰ' ਸਤੰਬਰ 75]

(ਕ) ਗੁਰਬਖ਼ਸ਼ ਸਿੰਘ (ਸੰਪਾਦਕ ਪ੍ਰੀਤ ਲੜੀ) — 12 ਅਕਤੂਬਰ 75

(ਖ) ਆਲਮ ਲੁਹਾਰ ਅਤੇ ਯਮਲਾ ਜੱਟ (ਪੰਜਾਬੀ ਗਾਇਕ) - 16 ਜੁਲਾਈ 1976

[ਰਿਪੋਰਟ : ਸੁਰਿੰਦਰ ਧੰਜਲ — 'ਵਤਨੋਂ ਦੂਰ' ਅਗਸਤ ਸਤੰ: 76]

(ਗ) ਗੁਰਦਿਆਲ ਸਿੰਘ ਖੋਸਲਾ (ਪੰਜਾਬੀ ਨਾਟਕਕਾਰ) — 18 ਜੁਲਾਈ 1976

[ਰਿਪੋਰਟ : ਸੁਰਿੰਦਰ ਧੰਜਲ — 'ਵਤਨੋਂ ਦੂਰ' ਅਗਸਤ ਸਤੰ: 76]

(ਘ) ਰਾਜਿੰਦਰ ਸਿੰਘ ਭਾਟੀਆ (ਸੰਪਾਦਕ ਕੌਮੀ ਏਕਤਾ) — ਅਗਸਤ 1976

(ਙ) ਡਾ: ਸਹਿਦੇਵ ਕੁਮਾਰ (ਪ੍ਰੋਫੈਸਰ ਮਾਸ ਮੀਡੀਆ, ਵਾਟਰਲੂ ਯੂਨੀਵਰਸਿਟੀ — 2 ਜਨਵਰੀ 1979

[ਰਿਪੋਰਟ : ਅਜਮੇਰ ਰੋਡੇ — 'ਵਤਨੋਂ ਦੂਰ' ਜਨ: ਫਰ: 1979]

(ਚ) ਗੁਰਬਖ਼ਸ਼ ਦੋਸਾਂਝ (ਇੰਗਲੈਂਡ ਦੀ ਪੰਜਾਬੀ ਕਹਾਣੀ ਲੇਖਿਕਾ) — ਮਾਰਚ 79

[ਰਿਪੋਰਟ : ਅਜਮੇਰ ਰੋਡੇ — 'ਵਤਨੋਂ ਦੂਰ' ਮਾਰ: ਅਪ: 1979]

(ਛ) ਨੈੱਲੀ ਮੈਕਲੰਗ (ਪੱਛਮੀ ਮਹਾਂ ਤਟ ਦੀ ਕੈਨੇਡੀਅਨ ਕਵਿਤਰੀ) — 2 ਜੂਨ 79

[ਰਿਪੋਰਟ : ਅਜਮੇਰ ਰੋਡੇ — 'ਵਤਨੋਂ ਦੂਰ' ਸਤੰਬਰ 79]

ਉਪਰੋਕਤ ਮੀਟਿੰਗਾਂ ਵਿਚ ਕਲਾ ਅਤੇ ਜੀਵਨ ਦੇ ਆਪਸੀ ਸੰਬੰਧਾਂ ਬਾਰੇ, ਸਾਹਿਤ ਤੇ ਕਲਾ ਦੇ ਮਨੋਰਥ ਬਾਰੇ, ਮਹਿਮਾਨਾਂ ਦੇ ਕਲਾ-ਅਨੁਭਵ ਬਾਰੇ ਵੰਨ-ਸੁਵੰਨੇ ਸਵਾਲ ਚਰਚਾ ਦਾ ਵਿਸ਼ਾ ਬਣਦੇ ਰਹੇ।

ਐਸੋਸੀਏਸ਼ਨ ਵਲੋਂ ਕੈਨੇਡਾ ਦੀ ਹਿੰਦੋਸਤਾਨੀ ਕਮਿਊਨਿਟੀ ਵਿਚ ਨਸਲਵਾਦ ਨੂੰ ਸ਼ਹਿ ਦੇਣ ਵਾਲੀਆਂ ਪਿਛਾਂਹ ਖਿੱਚੂ ਤਾਕਤਾਂ ਦੇ ਖਿਲਾਫ਼, ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੇ ਦੁਖਦਾਈ ਵਿਛੋੜੇ ਸਮੇਂ, ਅਤੇ ਫ਼ਖਰ ਜ਼ਮਾਂ ਦੀਆਂ ਪੁਸਤਕਾਂ ਉਤੇ ਪਾਬੰਧੀ ਲਾਉਣ ਵਾਲੀ ਪਾਕਿਸਤਾਨ ਸਰਕਾਰ ਦੇ ਖਿਲਾਫ਼ ਵਿਸ਼ੇਸ਼ ਮਤੇ ਵੀ ਪਾਸ ਕੀਤੇ ਗਏ ਜੋ ਕਰਮਵਾਰ ਜੁਲਾਈ 75, ਅਕਤੂਬਰ 77 ਅਤੇ ਨਵੰਬਰ 78 ਵਿਚ ਪ੍ਰਕਾਸ਼ਤ ਹੋਏ।

ਕਾਵਿ-ਪੁਸਤਕ ਪ੍ਰਕਾਸ਼ਤ ਕਰਨ ਦਾ ਫ਼ੈਸਲਾ ਐਸੋਸੀਏਸ਼ਨ ਦੀ ਐਗਜ਼ੈਕਟਿਵ ਕਮੇਟੀ ਵਲੋਂ 1976 ਦੇ ਆਰੰਭ ਵਿੱਚ ਕੀਤਾ ਗਿਆ ਸੀ, ਜਿਸਦੀ ਪਹਿਲੀ 'ਸੂਚਨਾ ਵਤਨੋਂ' ਦੂਰ (ਅਪ੍ਰੈਲ )76 ਵਿੱਚ ਪ੍ਰਕਾਸ਼ਤ ਹੋਈ। ਅਕਤੂਬਰ 76 ਦੀ ਐਗਜ਼ੈਕਟਿਵ ਮੀਟਿੰਗ ਵਿੱਚ ਪੁਸਤਕ ਦੀ ਸੰਪਾਦਨਾ ਦੀਆਂ ਜ਼ਿੰਮੇਵਾਰੀਆਂ ਸਰਬ ਸੰਮਤੀ ਨਾਲ ਗੁਰਚਰਨ ਰਾਮਪੁਰੀ, ਸੁਰਿੰਦਰ ਧੰਜਲ ਅਤੇ ਅਜਮੇਰ ਰੋਡੇ ਨੂੰ ਸੌਂਪੀਆਂ ਗਈਆਂ। ਐਸੋਸੀਏਸ਼ਨ ਦੇ ਹੋਰ ਰੁਝੇਵਿਆਂ ਕਾਰਨ ਸਤੰਬਰ 1978 ਤੱਕ (ਰੀਪੋਰਟ ਸੁਖਵੰਤ ਹੁੰਦਲ-'ਵਤਨੋਂ ਦੂਰ' ਅਕਤੂਬਰ 78) ਪੁਸਤਕ-ਪ੍ਰਕਾਸ਼ਨਾ ਦਾ ਕਾਰਜ ਵਿਚਾਰ ਅਧੀਨ ਨਾ ਲਿਆਂਦਾ ਜਾ ਸਕਿਆ। ਹੁਣ 1979-80 ਦੀ ਐਗਜ਼ੈਕਟਿਵ ਕਮੇਟੀ ਨੇ ਇਸ ਲਟਕੇ ਆਉਂਦੇ 'ਸਾਹੇ ਜਿੱਡੇ' ਕਾਰਜ ਨੂੰ ਨਿਪਟਾਉਣ ਦਾ ਬੀੜਾ ਚੁੱਕ ਹੀ ਲਿਆ ਹੈ।

1973 ਵਿੱਚ ਐਸੋਸੀਏਸ਼ਨ ਦੀ ਨੀਂਹ ਰੱਖਣ ਸਮੇਂ ਸਾਡੇ ਸਾਹਮਣੇ ਇਕ ਆਦਰਸ਼ ਸੀ ਕਿ ਸਾਹਿਤ ਖੇਤਰ ਵਿੱਚ ਸਾਡੀ ਸੰਸਥਾ, ਸੀਮਤ ਵਸੀਲਿਆਂ ਵਾਲੇ ਅਤੇ ਓਪਰੇ ਮਾਹੌਲ ਦੇ ਬਾਵਜੂਦ ਵੀ ਪੰਜਾਬੀ ਲਿਖਾਰੀ ਸਭਾ ਰਾਮਪੁਰ, ਪੰਜਾਬੀ ਸਾਹਿਤ ਸਭਾ ਬਰਨਾਲਾ, ਲਿਖਾਰੀ ਸਭਾ ਜਗਤਪੁਰ, ਸਾਹਿਤ ਸਭਾ ਕਾਨਪੁਰ ਯੂ. ਪੀ., ਪ੍ਰਗਤੀਸ਼ੀਲ ਲਿਖਾਰੀ ਸਭਾ ਗਰੇਟ ਬ੍ਰਿਟੇਨ ਵਾਂਗ ਪਾਇਦਾਰ ਹਿੱਸਾ ਪਾਵੇ। ਸਾਹਿਤ ਦੇ ਵਿਸ਼ਾਲ ਰੰਗ-ਮੰਚ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਐਸੋਸੀਏਸ਼ਨ ਦੀਆਂ ਸਰਗਰਮੀਆਂ ਜਿਸ ਸਫਲਤਾ ਨਾਲ ਫੈਲਦੀਆਂ ਰਹੀਆਂ ਹਨ, ਉਸ ਦੀ ਇੰਦਰ-ਧਨੁਸ਼ੀ ਝਲਕ ਵੇਖਕੇ ਲਗਦਾ ਹੈ ਕਿ ਸਾਡੀ ਘਾਲ ਥਾਏ ਪਈ ਹੈ। ਕਵੀ ਦਰਬਾਰਾਂ, ਕਲਾਕਾਰ ਸਨਮਾਨ ਸਮਾਰੋਹਾਂ, ਉਸਾਰੂ ਮੀਟਿੰਗਾਂ ਅਤੇ ਹੋਰ ਸਰਗਰਮੀਆਂ ਤੋਂ ਬਿਨਾਂ ਕਾਵਿ-ਪੁਸਤਕ ਦੀ ਪ੍ਰਕਾਸ਼ਨਾ ਸਾਡੇ ਆਦਰਸ਼ਕ ਸੁਪਨੇ ਦਾ ਹਕੀਕਤ ਵਿਚ ਬਦਲਿਆ ਇਕ ਗੌਰਵਮਈ ਟੁਕੜਾ ਹੈ।

ਯੂਨੀਵਰਸਿਟੀ ਆਫ ਵਿੰਡਸਰ, **ਸੁਰਿੰਦਰ ਧੰਜਲ**
ਵਿੰਡਸਰ, ਓਨਟਾਰੀਓ, ਕੈਨੇਡਾ 12 ਫ਼ਰਵਰੀ, 1980





## ਉੱਜਲ ਦੁਸਾਂਝ

### ਬੁੱਧੀ-ਜੀਵੀ

ਇਨਕਲਾਬ ਦੇ ਰਾਹ 'ਚ
ਕਿਸੇ ਇਨਕਲਾਬੀ ਨੇ
ਜਮਾਤੀ-ਦੁਸ਼ਮਣ ਦਾ ਖ਼ੂਨ ਪੀਤਾ—
ਅੱਤਵਾਦ ਹੋ ਗਿਆ !

ਕਿਸੇ ਲੜਾਕੇ ਨੇ
ਲੋਕ-ਦੁਸ਼ਮਣਾਂ ਦੀ ਜੜ੍ਹ ਪੁੱਟਣ ਲਈ
ਕੁਝ ਲੋਕਾਂ ਨਾਲ
ਅਗਾਂਹ-ਵਧੂ ਸਾਂਝ ਪਾਈ—
ਸੋਧਵਾਦ ਹੋ ਗਿਆ !!

ਸੈਂਕੜੇ ਮਜ਼ਦੂਰਾਂ ਦੀ
ਲੁੱਟ ਵਿਰੁੱਧ ਹੜਤਾਲ ਹੋਈ—
ਉਸੇ ਲੜਾਕੇ ਨੇ
ਹੱਕ 'ਚ ਮਜ਼ਦੂਰਾਂ ਦੇ
ਆਵਾਜ਼ ਬੁਲੰਦ ਕੀਤੀ—
ਸੁਧਾਰਵਾਦ ਹੋ ਗਿਆ !!!

ਕਿਤੇ ਦੋਸਤਾਂ ਦੀ ਬੈਠਕ 'ਚ ਬਹਿਕੇ
ਦੋ ਘੁੱਟ ਸ਼ਰਾਬ ਪੀ ਕੇ
ਮਾਰਕਸ, ਲੈਨਿਨ ਤੇ ਮਾਓ ਨੂੰ
ਨਾ-ਲਾਗੂ ਕਰਾਰ ਦੇ ਦਿਤਾ—
ਇਨਕਲਾਬ ਹੋ ਗਿਆ।

ਛੱਡ ਯਾਰ !
ਸਦਾ ਇਨਕਲਾਬ ਦੀ ਗੱਲ ਕਰ ਕਰ ਕੇ
ਸਿਰ ਸਾਡਾ ਨਾ ਖਾਇਆ ਕਰ
ਅਸੀਂ ਤਾਂ "ਬੁੱਧੀ-ਜੀਵੀ" ਹਾਂ !!

## ਸਿਆਸੀ-ਮਸਲਾ

ਅਖ਼ਬਾਰ ਦੀ ਸੁਰਖੀ :
'' — ਦੀ ਪੂਛ
— ਦਾ ਖਸਮ
ਮਾਂ ਦਾ —
ਗੰਦੇ ਇਖ਼ਲਾਕ ਦਾ ਮਾਲਕ''
... ... ...
ਇਹ ਤਾਂ 'ਇੰਟਰੋਡਕਸ਼ਨ' ਹੀ ਹੈ
'ਪਰਾਬਲਮ' ਦਾ 'ਅਨੈਲਸਿਜ਼'
ਅਗਲੇ ਅੰਕਾਂ 'ਚ
ਪੇਸ਼ ਕੀਤਾ ਜਾਵੇਗਾ !
ਇਹ ਇਕ ਸਿਆਸੀ ਮਸਲਾ ਹੈ !!





# ਅਜਮੇਰ ਰੋਡੇ

## ਸਹਿਜ ਸੁਭਾ ਮੁਸਕਾਈ ਸੁਰਤੀ

ਸਹਿਜ ਸੁਭਾ ਮੁਸਕਾਈ ਸੁਰਤੀ
ਸਹਿਜ ਸੁਭਾ ਫਿਰ ਬੋਲੀ
ਮੈਂ ਤਾਂ ਇਸ ਪਲ ਤੇਰੇ ਅੰਦਰ
ਨਦੀਆ ਬਣ ਕੇ ਵਗਣਾ ਤੇ ਤੁਰ ਜਾਣਾ
ਇਸ ਪਲ ਜਲਥਲ ਜਲਥਲ ਹੋ ਜਾ
ਅਗਲੇ ਪਲ ਵਿਚ ਕਿਣਕਾ ਕਿਣਕਾ ਸੁਕ ਜਾ
ਅਗਲੇ ਪਲ ਵਿਚ ਕੋਈ ਸੋਮਾ ਬਣ ਕੇ ਫੁੱਟ ਪਾ
ਤੇਰੀ ਇੱਛਾ
ਮੈਂ ਅਗਲੇ ਪਲ ਤੁਰ ਜਾਣਾ ਹੈ
ਮੋਹ ਮਿੱਟੀ ਦੇ ਬੰਧਨ ਸਿਰਜੇ ਰੁੜ੍ਹ ਜਾਵਣਗੇ

o

ਸਹਿਜ ਸੁਭਾ ਮੁਸਕਾਈ ਸੁਰਤੀ
ਸਹਿਜ ਸੁਭਾ ਫਿਰ ਬੋਲੀ
ਏਸ ਬਿਰਖ ਦੀਆਂ ਨਦੀਆਂ ਅੰਦਰ
ਪ੍ਰਾਣਾਂ ਦਾ ਜਲ ਵਗਦਾ
ਜਲ ਦੇ ਅੰਦਰ ਮੈਂ ਵਸਦੀ ਹਾਂ
ਏਸ ਬਿਰਖ ਦੀਆਂ ਅੱਖਾਂ ਵਿਚੋਂ
ਲੋਅ ਝਰਦੀ ਹੈ
ਬਿਰਖ ਏਸ ਦਾ ਜੇ ਤੂੰ ਪੱਤਾ ਬਣ ਕੇ ਫੁੱਟਿਆ
ਤੇਰੀ ਹੋਣੀ
ਜੇ ਤੁਰ ਸਕਦੈਂ ਟਹਿਣੀਓਂ ਟਹਿਣੀ
ਮੁਢ ਤਣੇ ਵਿਚ ਆਜਾ
ਕਣ ਕਣ ਅੰਦਰ ਘੁਲ ਜਾ
ਧੁਰ ਦੀ ਜੜ੍ਹ ਤੋਂ ਲੈ ਕੇ ਸਿਖਰ ਕਰੂੰਬਲ ਤੀਕਰ
ਤੇਰੀ ਧਰਤੀ



## ਚਾਨਣ ਹਸਦਾ ਹੈ

ਚਾਨਣ ਹਸਦਾ ਹੈ
ਉਹਨਾਂ ਤੇ
ਜੋ ਕਹਿੰਦੇ ਨੇ
ਸਗਲੇ ਰੌਸ਼ਨ ਮਸਤਕ
ਭੈ ਵਿਚ ਮੱਸਿਆ ਕਰ ਜਾਵਾਂਗੇ
ਆਪਣਾ ਚਾਨਣ ਭਰ ਜਾਵਾਂਗੇ

ਚਾਨਣ ਹਸਦਾ ਹੈ
ਉਹਨਾਂ ਤੇ
ਜੋ ਕਹਿੰਦੇ ਨੇ
ਤੁਰ ਚਾਨਣ ਦੇ ਵੇਗ
ਖੰਡ ਮੰਡਲਾਂ ਤੇ ਛਾ ਜਾਵਾਂਗੇ
ਪਰਮ ਆਨੰਦ ਨੂੰ ਪਾ ਜਾਵਾਂਗੇ

ਚਾਨਣ ਤਾਂ ਕਹਿੰਦਾ ਹੈ
ਟੁੱਟਦੇ ਤਾਰੇ ਹਾਰ
ਹੋਕੇ ਕਿਣਕਾ ਕਿਣਕਾ
ਬਿਖਰ ਜਾਣਗੇ ਮਿਟ ਜਾਵਣਗੇ

o

ਅੰਦਰਵਾਰ
ਪੁੰਨਿਆ ਵੀ ਹੈ
ਮੱਸਿਆ ਵੀ
ਲੁਕਣਮੀਟੀ ਖੇਡ ਸਕਦੇ ਹੋ



## ਵੈੱਨਕੂਵਰ ਦੀ ਸ਼੍ਰੀਮਤੀ ਸਮਿੱਥ

ਸ਼੍ਰੀਮਤੀ ਸਮਿੱਥ ਇਕੱਲੀ ਰਹਿੰਦੀ ਹੈ
ਘਰ ਦੀ ਸਫ਼ਾਈ ਕਰਦੀ ਹੈ
ਸਟੋਵ ਬਾਲਦੀ ਹੈ
ਮਾਸ ਭੁੰਨ ਕੇ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ
ਉਸਦੀ ਜੀਭ ਨਾਲ ਜੀਭ ਲਾਉਂਦੀ ਹੈ
ਮੂੰਹ ਤੇ ਪਾਊਡਰ ਮਲਦੀ ਹੈ
ਟੈਲੀਵਿਯਨ ਔਨ ਕਰਦੀ ਹੈ
ਅਖ਼ਬਾਰ ਵਿਚੋਂ ਇਸ਼ਤਿਹਾਰ ਪੜ੍ਹਦੀ ਹੈ
ਬਜ਼ਾਰ ਜਾਂਦੀ ਹੈ—ਸਟੋਰ ਤੋਂ ਸਟੋਰ ਘੁੰਮਦੀ ਹੈ
ਬਿਨਾਂ ਕੁਝ ਖ਼੍ਰੀਦੇ ਵਾਪਸ ਆ ਜਾਂਦੀ ਹੈ
ਰਾਤ ਨੂੰ
ਟੀ. ਵੀ. ਤੇ ਲੇਟ ਫ਼ਿਲਮਾਂ ਵੇਖਦੀ ਏ
ਸੌਂ ਜਾਂਦੀ ਹੈ
ਉੱਠ ਕੇ ਘਰ ਦੀ ਸਫ਼ਾਈ ਕਰਦੀ ਹੈ
ਸਟੋਵ ਬਾਲਦੀ ਹੈ
ਮਾਸ ਭੁੰਨ ਕੇ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ
ਉਸਦੀ ਜੀਭ ਨਾਲ ਜੀਭ ਲਾਉਂਦੀ ਹੈ
ਮੂੰਹ ਤੇ ਪਾਊਡਰ ਮਲਦੀ ਹੈ
ਟੈਲੀਵਿਯਨ ਔਨ ਕਰਦੀ ਹੈ
ਅਖ਼ਬਾਰ ਵਿਚੋਂ ਇਸ਼ਤਿਹਾਰ ਪੜ੍ਹਦੀ ਹੈ
ਬਜ਼ਾਰ ਜਾਂਦੀ ਹੈ—ਸਟੋਰ ਤੋਂ ਸਟੋਰ ਘੁੰਮਦੀ ਹੈ
ਬਿਨਾਂ ਕੁਝ ਖ਼੍ਰੀਦੇ ਵਾਪਸ ਆ ਜਾਂਦੀ ਹੈ
ਰਾਤ ਨੂੰ
ਟੀ. ਵੀ. ਤੇ ਲੇਟ ਫ਼ਿਲਮਾਂ ਵੇਖਦੀ ਹੈ

ਸੌਂ ਜਾਂਦੀ ਹੈ—
ਉੱਠ ਕੇ ਘਰ ਦੀ ਸਫਾਈ ਕਰਦੀ ਹੈ
ਸਟੋਵ ਬਾਲਦੀ ਹੈ
ਮਾਸ ਭੁੰਨ ਕੇ ਖਾਂਦੀ ਹੈ
ਕੁੱਤੇ ਦਾ ਮੂੰਹ ਚੁੰਮਦੀ ਹੈ
... ... ... ...
... ... ... ...

## ਰੂਪ ਨਿਰਗੁਣ ਹੈ

ਰੂਪ ਨਿਰਗੁਣ ਹੈ
ਰੂਪ ਨਿਰਗੁਣ ਨਹੀਂ
ਹੋਂਦ ਬਿੰਦੂ ਹੈ
ਹੋਂਦ ਬਿੰਦੂ ਨਹੀਂ
ਪਿਆਰੀ ਚੰਨਮੁਖ ਹੈ
ਪਿਆਰੀ ਚੰਨਮੁਖ ਨਹੀਂ
ਸੈਮ ਰਾਜਾ ਹੈ
ਸੈਮ ਰਾਜਾ ਨਹੀਂ
ਰਾਮੂੰ ਭੁੱਖਾ ਹੈ
ਰਾਮੂੰ ਭੁੱਖਾ ਹੈ ।



## ਦੋ ਕਵਿਤਾਵਾਂ

ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ ਪੰਜਾਬ ਤੇ ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ ਪੰਜਾਬ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ?
ਘੋੜਾ ਨੀਲਾ ਨਚਦਾ ਹੇਠਾਂ ।
ਘੋੜਾ ਨੀਲਾ ਨਚਦਾ ।
ਘੋੜਾ ਨੀਲਾ ।
ਘੋੜਾ ?

o

ਸੁਤੰਤਰਤਾ ?
ਸੁਤੰਤਰਤਾ ਕੀ ?
ਸੁਤੰਤਰਤਾ ਕੀ ਜੀਭ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ ?
ਸੁਤੰਤਰਤਾ ਕੀ ਜੀਭ ਦੀ ਕਲਮ ਦੀ ? ਕਦੋਂ ਮਿਲੀ ।
ਸੁਤੰਤਰਤਾ ਕੀ ਜੀਭ ਦੀ ਕਲਮ ਦੀ ਕਦੋਂ ਮਿਲੀ ! ਜੇ ਮਿਲੀ
ਤਾਂ ਗੰਦੇ ਨਾਲੇ ਦੇ ਪੁਲ ਹੇਠ ਜੰਮੇ ਪੁਲ ਹੇਠ ਬੁੱਢੇ ਹੋਏ ਰਾਮੂੰ ਨੂੰ ਕੀ !

## ਅਮਰਜੀਤ ਚਾਹਲ

### ਤੇਰਾ ਖ਼ਤ

ਤੇਰਾ ਖਤ ਆਇਆ
ਤੂੰ ਵੀ ਚਾਹੁੰਦਾ ਉਡਾਰੀ ਲਾਉਣੀ।
ਤੇਰੇ ਸੁਪਨਿਆਂ ਵਿੱਚ ਵੀ
ਸੋਨੇ ਦੇ ਵਾਲਾਂ ਵਾਲੀ
ਪਰੀ ਆਉਣ ਲੱਗ ਪਈ ਹੈ।

ਅੱਗੇ ਚਲ ਕੇ ਤੂੰ ਲਿਖਿਆ
ਯਾਰ!
ਇਥੇ ਤਾਂ ਜੀਣ ਦਾ ਕੋਈ ਹੱਜ ਨਹੀਂ।
ਪਹਿਲਾਂ ਜੋ ਹੁੰਦੀਆਂ ਸੀ
ਛੋਟੀਆਂ ਛੋਟੀਆਂ ਜ਼ਹਿਰੀ ਬੂਟੀਆਂ
ਹੁਣ ਉਹ ਬਣ ਗਈਆਂ ਨੇ
ਖੇਤਾਂ ਵਿਚ ਬੜੇ ਬੜੇ ਛੋਰ ਵਾਲੇ ਬਿਰਖ

ਇਨ੍ਹਾਂ ਬਿਰਖਾਂ 'ਤੇ
ਹਰ ਬਦਲਦੀ ਰੁੱਤੇ
ਆ ਬੈਠਦੇ ਨੇ ਮੌਸਮੀ ਪੰਛੀ
ਮਾਣਦੇ ਨੇ ਠੰਢੀ ਛਾਂ
ਹੁੰਦੀਆਂ ਨੇ ਕਲੋਲਾਂ
ਤੇ ਕਰਦੇ ਨੇ ਉਜਾੜਾਂ ਤੇਰੀਆਂ ਪੈਲੀਆਂ ਦਾ।
ਇਨ੍ਹਾਂ ਰੁਖਾਂ ਦੇ ਖੋਖਲੇ ਮੁੱਢਾਂ ਵਿਚ

ਘੁਰਨੇ ਨੇ ਦਰਿੰਦਿਆਂ ਦੇ
ਤਾਂਹੀ ਤੇਰੇ ਖੇਤਾਂ ਵਿਚ
ਹਰ ਸੌਨ-ਸਵੇਰੇ
ਖਿੱਲਰੀਆਂ ਹੁੰਦੀਆਂ ਨੇ ਮਾਸ ਦੀਆਂ ਬੋਟੀਆਂ
ਹੱਡੀਆਂ—ਪਿੰਜਰ—ਸਿਰਾਂ ਦੀਆਂ ਖੋਪਰੀਆਂ



ਇਨ੍ਹਾਂ ਦੀਆਂ ਘਣੀਆਂ ਸ਼ਾਖਾਂ ਤੇ
ਲਮਕਦੇ ਨੇ ਪੁਠੇ ਸੱਪ
ਜੋ ਪੀਂਦੇ ਨੇ ਘੁੱਗੀਆਂ ਦੇ ਤਾਜ਼ੇ ਅੰਡੇ
ਕਦ ਪਹੁੰਚਣਗੀਆਂ ਸੂਰਜ ਦੀਆਂ ਤੇਜ਼ ਕਿਰਨਾਂ
ਵਿਚਾਰੇ ਪੌਦਿਆਂ ਤੱਕ।

ਦੋਸਤਾ!
ਤੂੰ ਕਿਉਂ ਨਹੀਂ ਸਮਝਦਾ
ਉਹ ਸੋਨੇ ਦੇ ਕੇਸਾਂ ਵਾਲੀ
ਅੱਜ ਵੀ ਇਨ੍ਹਾਂ ਬਿਰਖਾਂ ਦੀ ਛਾਂ ਹੇਠ ਸਿਸਕ ਰਹੀ ਹੈ।

ਇਕ ਵਾਰ ਮੁਹਿੰਮ ਚੱਲੀ ਸੀ
ਵੱਢ ਘੱਤੀ ਸੀ ਉਨ੍ਹਾਂ
ਖੇਤਾਂ ਵਿਚਲੀ ਸਾਰੀ ਪੋਹਲੀ।

ਤੇਰੀ ਇਕ ਮਹਾਂਦੀਪ ਤੋਂ
ਦੂਜੇ ਤੱਕ ਦੀ ਉਡਾਰੀ
ਉਨ੍ਹਾਂ ਚਿਰ ਕੁਝ ਨਹੀਂ ਸੁਆਰ ਸਕਦੀ
ਜਦ ਤੱਕ ਉਹ ਜੰਡ ਨਹੀਂ ਵੱਢਿਆ ਜਾਂਦਾ
ਜਿਥੇ ਅੱਜ ਵੀ ਮਿਰਜ਼ੇ ਦੀ ਅੱਖ ਲੱਗ ਜਾਂਦੀ ਹੈ।

## ਗਿਲਾ

ਰੋਸ ਕਾਹਦਾ
ਤੁਸੀਂ ਸਮਝ ਲਿਆ ਹੋਣਾ
ਉਹ ਵੀ ਕੋਈ ਜਣਾ ਹੁੰਦਾ ਸੀ
ਹੁਣ ਕਿਧਰੇ
ਪ੍ਰਦੇਸ ਦੀ ਧਰਤੀ ਤੇ
ਮਰ-ਖੱਪ ਗਿਆ ਹੋਣਾ
ਕੀ ਲੋੜ ਪਈ ਹੈ ਖਤ ਲਿਖਣ ਦੀ
ਤੁਰ ਗਿਆਂ ਨੂੰ ਕਿਸ ਚਿੱਠੀਆਂ ਲਿਖੀਆਂ
ਉਨ੍ਹਾਂ ਦਾ ਕੋਈ ਸਰਨਾਵਾਂ ਜੁ ਨਹੀਂ ਹੁੰਦਾ
ਇਹ ਤਾਂ
ਜੀਂਦਿਆਂ ਦੇ ਹੀ ਲੱਭੇ ਜਾ ਸਕਦੇ ਹਨ।
ਦੋਸਤੋ !
ਕੁਝ ਨਿਸ਼ਾਨ ਹੁੰਦੇ ਹਨ
ਜੋ ਮਿਟਦੇ ਨਹੀਂ
ਕੁਝ ਮਿਟ ਕੇ ਵੀ ਅਮਿੱਟ ਰਹਿੰਦੇ ਹਨ
ਕੁਝ ਨਾਤੇ ਹੁੰਦੇ ਹਨ
ਨਾਂ ਵਿਹੂਣੇ
ਜਿਨ੍ਹਾਂ ਦੀਆਂ ਪੀੜਾਂ
ਜੰਮਣ ਪੀੜਾਂ ਤੋਂ ਵੀ ਅਸਹਿ ਹੁੰਦੀਆਂ ਹਨ।
ਜ਼ਿਹਨ ਵਿਚ ਬੀਜੇ ਪਲ
ਪੁੰਗਰਦੇ ਹਨ।
ਕਲਮ ਉਠਦੀ ਹੈ
ਜਵਾਬ ਨਹੀਂ ਮੰਗਦਾ
ਤੁਰ ਗਿਆਂ ਨੂੰ ਕਿਸ ਚਿੱਠੀਆਂ ਲਿਖੀਆਂ
ਉਨ੍ਹਾਂ ਦਾ ਕੋਈ ਸਰਨਾਵਾਂ ਜੁ ਨਹੀਂ ਹੁੰਦਾ
ਇਹ ਤਾਂ ਜੀਂਦਿਆਂ ਦੇ ਹੀ ਲੱਭੇ ਜਾ ਸਕਦੇ ਹਨ।



## ਦੂਰ ਦਾ ਰਿਸ਼ਤਾ

ਮੇਰੇ ਦੇਸ਼
ਤੂੰ ਇਤਨਾ ਦੂਰ ਹੋ ਗਿਆਂ
ਜਿਨ੍ਹਾਂ ਮੈਥੋਂ ਮੇਰਾ ਬਚਪਨ

ਉਹ ਬਚਪਨ
ਜਿਸ ਨੇ ਦੁਧ ਦੀਆਂ ਨਦੀਆਂ ਦੀਆਂ ਬਾਤਾਂ ਸੁਣੀਆਂ
ਪਰ ਨਹਿਰਾਂ ਵਿਚ ਤਰਦੀਆਂ ਲਾਸ਼ਾਂ ਦੇਖੀਆਂ
ਜਿਥੇ ਖਾਣ ਲਈ — ਤੁੰਮਿਆਂ ਜਿਹੀਆਂ ਕੌੜੀਆਂ ਗਾਲ੍ਹਾਂ
ਬਤੀਤ ਕਰਨ ਲਈ — ਨਰਕਾਂ ਤੋਂ ਵੀ ਭੈੜਾ ਜੀਵਨ
ਮਰਨ ਲਈ — ਧਰਮ ਦਾ ਮਿੱਠਾ ਮਹੁਰਾ
ਮੇਰੇ ਦੇਸ਼।
ਮੇਰੇ ਯਾਰ !
ਉਸ ਲਾਂ ਮੈਂ ਨਿਕਲ ਤੁਰਿਆ ਸਾਂ
ਤੈਥੋਂ ਦੂਰ
ਬਹੁਤ ਦੂਰ ਚਲਾ ਜਾਣ ਲਈ।

ਰੋਹੀਆਂ ਤੇ ਮਾਰੂਥਲਾਂ ਨੂੰ ਪਛਾੜਦਾ
ਦਰਿਆਵਾਂ ਅਤੇ ਪਹਾੜਾਂ ਨੂੰ ਕੱਟਦਾ
ਸਮੁੰਦਰਾਂ ਦੇ ਉਪਰੋਂ ਦੀ ਹੁੰਦਾ ਹੋਇਆ
ਤੈਥੋਂ ਦੂਰ — ਬਹੁਤ ਦੂਰ ਚਲਾ ਗਿਆ।

ਜਿਥੇ ਰੂਹ ਦੀ
ਸਰੀਰ ਦੀ
ਭੁੱਖ — ਭੁੱਖ ਨਹੀਂ
ਤਮ੍ਹਾਂ ਹੈ।

ਇਸ ਤਮ੍ਹਾਂ ਦੇ ਮਾਰੇ ਦੇਸ਼ ਵਿਚ
ਮੇਰੇ ਸਰੀਰ ਨੂੰ ਨਹੀਂ
ਰੂਹ ਨੂੰ ਭੁੱਖ ਲੱਗਦੀ ਹੈ।

ਜਦ ਮੁੜਨ ਦੀ ਸੋਚਦਾਂ
ਤਾਂ ਯੁਗਾਂ ਪੁਰਾਣੀ
ਪੇਟ ਦੀ ਭੁੱਖ ਫਿਰ ਧੁੱਖ ਉੱਠਦੀ ਹੈ।

ਤਦ ਤੇਰੇ ਨਾਲ ਅਜੀਬ ਜਿਹਾ ਰਿਸ਼ਤਾ ਹੋ ਮਾਲੂਮ ਹੁੰਦਾ
ਅਜੀਬ ਜਿਹਾ,
ਦੂਰ ਦਾ ਰਿਸ਼ਤਾ।
ਮੇਰੇ ਦੇਸ਼!
ਤੂੰ ਮੈਥੋਂ ਕਿਨ੍ਹਾਂ ਦੂਰ ਹੋ ਗਿਆਂ।



# ਇਕਬਾਲ ਰਾਮੂੰਵਾਲੀਆ

## ਜੀ. ਬੀ. ਰੋਡ

ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ
ਇਥੇ ਮਨੁੱਖਾ ਤੋਂ ਕਿਤੇ ਵੱਧ ਸੁਰੱਖਿਅਤ ਨੇ
ਇਸ਼ਤਿਹਾਰਾਂ ਦੇ ਬੋਰਡ।
ਹੋਟਲਾਂ ਦੇ ਕਮਰੇ ਪਹਿਨੇ ਜਾ ਸਕਦੇ ਨੇ
ਮੰਗਵੀਂ ਕਮੀਜ਼ ਵਾਂਗੂ।

ਬਾਜ਼ਾਰਾ 'ਚ ਵਿਕਦੀਆਂ
ਬੋਤਲਾਂ 'ਚ ਬੰਦ ਰੰਗਦਾਰ ਮੱਛੀਆਂ।
ਖੀਸੇ 'ਚ ਪਾਏ ਬਲੌਰਾਂ ਵਾਂਗ ਛਣਕਦੇ
ਜੀ. ਬੀ. ਰੋਡ ਦੇ ਕੋਠਿਆਂ 'ਚ
ਸਾਬਣ ਵਰਗੇ ਕੂਲੇ ਪਿੰਡੇ
ਬਹੁਤ ਅਜੀਬ ਹੈ — ਦਿੱਲੀ ਮੇਰੇ ਦੋਸਤ!

ਉਂਜ ਬੰਦਾ ਹੋਰ ਵੀ ਹੁੰਦਾ ਹੈ ਜਿਸਮਾਂ ਤੋਂ ਬਿਨਾਂ
ਵੇਸਵਾ ਕਲਮਾਂ ਵੀ ਹੁੰਦੀਆਂ ਨੇ
ਸਾਜ਼ ਵੀ ਜ਼ੁਬਾਨਾਂ ਵੀ
ਕਾਨੂੰਨ, ਵੋਟਾਂ ਤੇ ਪਾਰਟੀਆਂ ਦੇ ਝੰਡੇ ਵੀ
ਤੇ ਜ਼ਰੂਰੀ ਨਹੀਂ ਜੀ. ਬੀ. ਰੋਡ ਦਿੱਲੀ ਦੀ
ਇਕ ਬੱਦੂ ਸੜਕ ਹੀ ਹੋਵੇ
ਇਹ ਥਾਣੇ ਦੇ ਰਜਿਸਟਰਾਂ 'ਚ ਵੀ ਹੁੰਦੀ ਹੈ
ਦਫਤਰਾਂ ਦੇ ਦਰਾਜ਼ਾਂ 'ਚ ਵੀ
ਵਕੀਲਾਂ ਦੀ ਜਿਰ੍ਹਾ ਸੁਣਦੀਆਂ ਐਨਕਾਂ 'ਚ ਵੀ
ਐਮ. ਐਲ. ਏਆਂ ਦੇ ਬੈਗਾਂ
ਤੇ ਲੋਕ ਸਭਾ ਦੀਆਂ ਕੁਰਸੀਆਂ 'ਚ ਵੀ
ਬਹੁਤ ਅਜੀਬ ਹੈ ਦਿੱਲੀ ਮੇਰੇ ਦੋਸਤ — !!

## ਦਾਸਤਾਨ

ਚਲੋ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ
ਜਿਸ ਦੀ ਸੱਠ ਹਾੜੀਆਂ ਉਮਰ
ਗਹਿਣੇ ਟਿਕੀ ਪੈਲੀ ਵਾਂਗ ਗੁਜ਼ਰੀ ਹੈ
ਜ਼ਿੰਦਗੀ ਦੀ ਗੇਂਦ
ਉਹਦੇ ਅਗਾੜੀ ਪੌੜੀਆਂ ਉੱਤਰਦੀ ਗਈ
ਤੇ ਉਸ ਦਾ ਪਿੱਛਾ ਕਰਦਾ ਕਰਦਾ
ਉਹ ਬਹੁਤ ਡੂੰਘਾ ਗਰਕਦਾ ਗਿਆ

ਰਿਸ਼ਵਤ ਦੇ ਮੌਰਾਂ ਤੋਂ ਉੱਭਰਿਆ
ਸਰਕਾਰੀ ਕਰਜ਼ਿਆਂ ਦਾ ਜਲਾਦ
ਉਸਦੇ ਅਲਗੋਜ਼ਿਆਂ ਦੀ ਧੂਣੀ ਸੇਕਦਾ ਰਿਹਾ
ਤੇ ਉਸ ਦੇ ਗੀਤਾਂ ਦੀਆਂ ਤਿੱਤਲੀਆਂ ਦੇ ਖੰਭ
ਉਡੂੰ ਉਡੂੰ ਕਰਦੇ ਹੀ ਪਥਰਾ ਗਏ
ਸੰਗੀਤ ਉਸਨੂੰ ਮਸ਼ਕਰੀ ਤੋਂ ਵੱਧ ਕੁਝ ਵੀ ਨਾ ਕਰ ਸਕਿਆ।

ਵਿਆਜ ਦਾ ਚਿੱਟਾ ਵਸਮਾਂ
ਉਸਦੀ ਨਾਬਾਲਗ ਦਾਹੜੀ 'ਚ
ਅਫਵਾਹ ਵਾਂਗੂੰ ਫੈਲਦਾ ਹੀ ਗਿਆ
ਕਿਸ਼ਤਾਂ ਦੀਆ ਕੰਧਾਂ 'ਚ ਚਿਣੀ ਗਈ ਪੱਗੜੀ ਨੂੰ
ਬਰੀ ਕਰਾਉਣ ਦੀ ਪੈਰਵਾਹੀ ਕਰਦਾ
ਉਹ ਸ਼ਰਾਬ ਵਾਂਗੂੰ ਕਸੀਦਿਆ ਗਿਆ
ਲਾਹਣ ਵਾਂਗ ਨਿਆਈਆਂ 'ਚ ਡੁੱਲੀ
ਉਸਦੀ ਖ਼ੁਦੀ ਨੂੰ
ਖੁੰਡਾਂ ਤੇ ਬੈਠੀਆਂ ਅਵਾਰਾ ਜੀਭਾਂ ਨੇ
ਚਟਖਾਰੇ ਲੈ ਲੈ ਲੱਕਿਆ!
ਉਹਦਾ ਤਰਕਸ਼ ਘਾਟਿਆਂ ਦੇ ਜੰਡਾਂ ਤੇ ਲਾਸ਼ ਵਾਂਗੂੰ ਲਟਕਦਾਂ ਰਿਹਾ
ਤੇ ਕੱਲੀ ਕੱਲੀ ਕਾਨ੍ਹੀ



ਫਸਲਾਂ ਦੀਆਂ ਕੀਮਤਾਂ ਵਾਂਗੂੰ ਟੁੱਟਦੀ ਗਈ
ਲਹਿਣੇ ਦਾਰਾਂ ਉਸ ਦੇ ਸਿਰ ਨੂੰ
ਚਿਲਮ ਤੋਂ ਵੱਧ ਕੁਝ ਵੀ ਨਾ ਸਮਝਿਆ
ਫਿਕਰਾਂ ਦਾ ਕੌੜਾ ਤੰਬਾਕੂ
ਉਹਦੇ ਮੱਥੇ 'ਚ ਲਗਾਤਾਰ ਧੁੱਖਦਾ ਰਿਹਾ
ਗੋਡਿਆਂ ਵਾਂਗ ਦੁੱਖਦੇ ਉਧਾਰ ਖਾਤਿਆਂ ਦੇ ਜੋੜ
ਤੇ ਰੋਮ ਰੋਮ 'ਚ ਚਸਕਦੇ ਗਰਜ਼ਾਂ ਦੇ ਫੋੜੇ
ਉਹਨੂੰ ਹੁੱਕੇ ਦੀ ਨੜੀ ਵਾਂਗ ਚੂਘਦੇ ਰਹੇ

ਬਹੁਤ ਵਾਰੀ ਝੰਡਿਆਂ ਦੀਆ ਜੰਗਾਲੀਆਂ ਬਰੰਜੀਆਂ
ਉਹਦੀ ਖੋਪੜੀ 'ਚ ਖੁੱਭੀਆਂ
ਚੋਣ ਨਿਸ਼ਾਨਾਂ ਦੀ ਭੀੜ
ਉਹਦੀਆਂ ਅੱਖਾਂ ਉੱਤੇ ਗੜੇਮਾਰ ਕਰਦੀ ਰਹੀ
ਤੇ ਪੰਜ ਪੰਜ ਸਾਲ
ਉਹ ਜਿਸਮ ਤੇ ਚਿਪਕੇ ਇਸ਼ਤਿਹਾਰਾਂ ਨੂੰ ਖਰੋਚਦਾ ਰਿਹਾ
ਤੇ ਝੰਡਿਆਂ ਦੀਆਂ ਮੇਖਾਂ ਪੁੱਟਣ ਲਈ ਖੌਝਲਦਾ ਰਿਹਾ
ਦਿੱਲੀ ਦਾ ਗੈਰ ਹਾਜ਼ਰ ਪੰਜਾ
ਉਹਦੀ ਘੰਡੀ ਦਾ ਉਭਾਰ ਮਾਪਦਾ ਰਿਹਾ

ਉਂਜ ਇਹ ਦਾਸਤਾਨ ਕਿਸੇ ਦੀ ਵੀ ਹੋ ਸਕਦੀ ਹੈ
ਪਰ ਮੈਂ ਆਪਣੇ ਬਾਪ ਤੋਂ ਹੀ ਸ਼ੁਰੂ ਕਰਦਾ ਹਾਂ

## ਗੱਲ ਅੱਗੇ ਨਹੀਂ ਤੁਰਦੀ

ਮੈਨੂੰ ਵੀ ਸ਼ਿਕਵਾ ਹੈ
ਕਿ ਗੱਲ ਅੱਗੇ ਨਹੀਂ ਤੁਰਦੀ...

ਸ਼ਾਮੀਂ ਦਾਰੂ ਦੇ ਸਰੋਵਰਾਂ 'ਚ
ਸਿਗਰਟਾਂ ਦੇ ਕਮਲ ਖਿੜਦੇ ਹਨ
ਤੇ ਗੱਲ ਵਿਚਾਰੀ ਭਟਕ ਜਾਂਦੀ ਹੈ
ਜਾਮ ਵਾਂਗ ਛਲਕਦੀਆਂ ਕੁੜੀਆਂ ਦੀ ਚਰਚਾ ਤੇ ਆ ਕੇ

ਅਭਿਨੇਤਰੀਆਂ ਦੇ ਰਾਸ਼ੀ ਫਲਾਂ ਦਾ ਪਾਠ ਕਰਦਿਆਂ
ਅਸੀਂ ਤਾਂ ਬੇ-ਖਬਰ ਹੀ ਨਿਗਲ ਜਾਂਦੇ ਹਾਂ
ਕਾਫ਼ੀ ਝੱਗ 'ਚ ਡੁੱਬ ਕੇ ਮਰੀਆਂ ਮੱਖੀਆਂ
ਤੇ ਕੋਕੇ ਕੋਲੇ ਦੀਆਂ ਬੋਤਲਾਂ ਦੁਆਲੇ
ਸਿਰਫ ਕੋਕ-ਸ਼ਾਸ਼ਤਰ ਦਾ ਇਤਿਹਾਸ ਉੱਧੜਦਾ ਹੈ
ਤੇ ਮੈਨੂੰ ਸ਼ਿਕਵਾ ਹੈ
ਕਿ ਗੱਲ ਅੱਗੇ ਨਹੀਂ ਤੁਰਦੀ...

ਭਲਾ ਸਾਨੂੰ ਕਦ ਕੁ ਆਵੇਗਾ ਇਨਾ ਕੁ ਥਹੁ
ਕਿ ਘੁੱਗੀ ਦੇ ਆਂਡਿਆਂ ਵਰਗੇ ਸਾਡੇ ਨੇਤਰਾਂ ਉੱਤੇ
ਅੱਜ ਦੀਆਂ ਕੁਕੜੀਆਂ
ਪੰਜ ਪੰਜ ਸਾਲ ਸੇਵਾ ਬੈਠਦੀਆਂ ਨੇ
ਤੇ ਰਾਜਧਾਨੀ ਦੇ ਸੈਕਟਰਾਂ 'ਚ ਜਿਬ੍ਹਾ ਹੋ ਜਾਂਦੀ ਹੈ
ਦਾਰੂ 'ਚ ਗੜੂੰਦ ਵੋਟਰਾਂ ਦੀ ਸੂਚੀ
ਕਿ ਚੋਣਾਂ ਦੇ ਨਤੀਜਿਆਂ ਤੇ ਕੱਛਾਂ ਮਾਰਦੇ ਮਾਰਦੇ
ਅਸੀਂ ਕਈ ਵਰ੍ਹੇ
ਸੁਪਨ ਦੋਸ਼ ਤੋਂ ਪਿਛਲੀ ਘੂਕੀ 'ਚ ਹੀ ਵਿਚਰਦੇ ਹਾਂ
ਕਿ ਸਾਡੇ ਕੱਟੇ ਹੋਏ ਹੱਥਾਂ ਦੀਆਂ ਤੱਲੀਆਂ ਉੱਤੇ
ਦਿੱਲੀ ਦੇ ਨਮੂਜੀਏ
ਸੜਕਾਂ ਦੇ ਨਕਸ਼ੇ ਉਲੀਕਦੇ ਨੇ



ਤੇ ਅਸੀਂ ਇਹ ਕੱਦ ਕੁ ਸਮਝਾਂਗੇ
ਕਿ ਸ਼ਹਿਰ ਨਾਲ ਜੁੜੀ ਪੱਕੀ ਫਿਰਨੀ ਦੇ ਰੱਸੇ 'ਚ
ਭਰੀ ਵਾਂਗ ਕੱਸਿਆ ਪਿਆ ਹੈ
ਸਾਰੇ ਦਾ ਸਾਰਾ ਨਗਰ
ਕਿ ਬਾਣੀਆਂ ਦੇ ਪਰਦਿਆਂ 'ਚ
ਅਜੇ ਵੀ ਤੜਫਦੀ ਹੈ
ਕਲਮਾਂ ਨਾਲ ਉਤਾਰੀ
ਸਾਡੇ ਦਾਦੇ ਪੜਦਾਦਿਆਂ ਦੀ......
ਕਿ ਬਿਜਲੀ ਦੇ ਖੰਭਿਆਂ ਦੀ
ਭਾਖੜੇ ਦੀ ਝੀਲ 'ਚ ਹੀ ਡੋਬ ਦਿੰਦੀ ਹੈ
ਮੀਂਹਾਂ 'ਚ ਭਿੱਜ ਭਿੱਜ ਕੇ ਬੌਂਦਲਿਆ ਦਰਵੇਸ਼ ਲਾਂਗਾ
ਕਿ ਟੱਬਰ ਦੀ ਬਲਗਮ ਦੇ ਮੂਹਰੇ ਹਾਰ ਜਾਂਦੇ ਨੇ
ਹਾੜੀਆਂ ਸੌਣੀਆ ਨੂੰ ਫਤਿਹ ਕਰਦੇ
ਵਿਆਜੂ ਪੈਸਿਆਂ ਦੇ ਧੱਬੇ
ਕਿ ਸਾਨੂੰ ਗੁੜਤੀ 'ਚ ਹੀ ਮਿਲ ਜਾਂਦੀ ਹੈ
ਬਚਪਨ 'ਚ ਜੁਆਨ ਹੋਣ
ਤੇ ਜੁਆਨੀ 'ਚ ਬੁਢੇ ਹੋਣ ਦੀ ਸੰਥਿਆ।
ਪਰ ਸਾਡੇ ਮੂਹਰੇ ਤਾਂ ਧੁੰਦ ਵਾਂਗ ਫੈਲੇ ਪਏ ਨੇ
ਪੰਥਕ ਖਤਰਿਆਂ ਦੇ ਹੱਟੇ ਕੱਟੇ ਇਸ਼ਤਿਹਾਰ
ਗਰੀਬੀ ਹਟਾਉ ਦੇ ਦੂਧੀ ਨਾਹਰੇ
ਤੇ ਚਿੱਟੇ ਖੱਦਰ ਦੇ ਪੈਰਾਂ 'ਚ ਵਿਛੇ ਲਾਲ ਫੁਲੇਰੇ
ਤੇ ਮੈਂ ਬੱਸ ਸ਼ਿਕਵਾ ਕਰਦਾ ਹਾਂ
ਕਿ ਗੱਲ ਅੱਗੇ ਨਹੀਂ ਤੁਰਦੀ......

## ਸੁਖਵੰਤ ਹੁੰਦਲ

### ਇੱਕ ਖ਼ਤ ਦੋਸਤ ਦੇ ਨਾਂ

ਕਈ ਵਾਰੀ ਚਾਹਿਆ ਹੈ
ਤੈਨੂੰ ਸੱਚ ਲਿਖਣਾ
ਪਰ ਹਰ ਵਾਰ ਬਦਲ
ਲਿਆ ਹੈ ਮਨ
ਤੂੰ ਤਾਂ ਚਿਤਰਿਆ ਹੋਣੈ
ਮੈਨੂੰ ਕੁਰਸੀ ਤੇ ਬੈਠਾ ਮਸ਼ੀਨਾਂ 'ਚ ਘਿਰਿਆ
ਉਂਗਲਾਂ ਨਾਲ ਬਟਨ ਨੱਪਦਾ
ਪਰ ਇਥੇ — ਚਾਰ ਜ਼ਰਬ ਬਾਰਾਂ
ਜ਼ਰਬ ਬਾਈ ਫੁੱਟਾ —
ਸੂਤ ਲੈਂਦਾ ਹੈ ਮੇਰੀ ਸੱਤਿਆ
ਜਾਂ ਜਦੋਂ ਕੱਦ ਨਾਲੋਂ ਉੱਚਾ
ਫੜ ਹੱਥ ਵਿੱਚ ਝਾੜੂ
ਫਰਸ਼ ਕਰਦਾ ਹਾਂ ਟਿਚਨ
ਤਾਂ ਯਾਦ ਆਉਂਦੀਆਂ ਹਨ
ਕਾਲਜ ਦਿਨੀਂ ਘੱਟਾ ਉਡਾਉਣ ਤੇ
ਜਮਾਂਦਾਰ ਨੂੰ ਕੱਢੀਆਂ ਗਾਲ੍ਹਾਂ
ਤੇਰੇ ਖਿਆਲ 'ਚ ਕਰ ਕੇ ਕੁਝ ਘੰਟੇ ਕੰਮ
ਪਰਿਵਾਰ 'ਚ ਹੱਸ ਖੇਡ ਮੈਂ
ਬੇ ਫਿਕਰ ਸੌਂ ਜਾਂਦਾ ਹਾਂ
ਪਰ ਫੱਟਿਆਂ ਦੁਆਰਾ ਖਿਚੇ ਜਾਣ ਜਾਂ
ਫੱਟਿਆਂ ਨੂੰ ਖਿੱਚਣ ਪਿਛੋਂ
ਮੈਂ ਪਰਤਦਾ ਹਾਂ ਘਰ
ਤੇ ਚਲ ਪੈਂਦਾ ਹਾਂ ਦੂਜੀ ਥਾਂ
ਪੂਰਾ ਕਰਨ ਲਈ ਘਾਟਾ
ਲਾ ਘਰ ਦੀ ਕਿਸ਼ਤ ਗਰੋਸਰੀ



ਤੇ ਬਿੱਲਾਂ ਦਾ ਜੋੜ।
ਸੌਂ ਜਾਂਦੇ ਹਨ ਬੱਚੇ, ਮੇਰੇ
ਪਹਿਲਾਂ ਪਹੁੰਚਣ ਤੋਂ ਘਰ
ਪੈ ਜਾਂਦਾ ਹਾਂ ਫਿਰ ਮੈਂ ਵੀ
ਸਿੱਧੇ ਕਰਨ ਲਈ ਅੰਗ
ਪਰ ਸੁਫਨਿਆਂ 'ਚ ਸੋਚਦਾ ਹਾਂ
ਹੋਰ ਪੈਸਾ ਕਮਾਉਣ ਦੇ ਢੰਗ
ਤੂੰ ਸੋਚਦਾ ਹੋਣੈ ਕਿਸੇ
ਸੁਨਹਿਰੀ ਵਾਲਾਂ, ਨੀਲੀਆਂ ਅੱਖਾਂ ਵਾਲੀ
ਚਿੱਟੀ ਕਬੂਤਰੀ ਤੇ ਮੇਰਾ ਸੰਗ
ਪਰ ਉਹਨਾਂ ਅੱਖਾਂ 'ਚ ਵੇਖ
ਆਪਣੇ ਰੰਗ ਲਈ ਘਿਰਣਾ
ਮਿੱਟੀ 'ਚ ਰੁਲ ਜਾਂਦਾ ਹੈ
ਮੇਰਾ ਸ੍ਵੈਮਾਨ
ਫਿਰ ਤੇਰੇ ਤੇ ਐਵੇਂ ਪਾਉਣ ਲਈ ਰੋਅਬ
ਇਹ ਸਭ ਕੁਝ ਪਾੜ
ਲਿਖ ਦਿੰਦਾ ਹਾਂ ਰੰਗੀਨ ਝੂਠ।

## ਮੰਗੇਤਰ ਨੂੰ

ਹੁਣ ਤਾਂ ਤੇਰੇ ਪੈਰ ਭੋਇੰ ਤੇ
ਨਹੀਂ ਟਿਕਦੇ ਹੋਣੇ ।
ਹੁਣ ਤਾਂ ਵੇਖਦੀ ਹੋਵੇਂਗੀ
ਸਿਖਰ ਦੁਪਹਿਰੇ ਹੀ ਸੁਫਨੇ ।
ਸੌੜੀਆਂ ਜਾਪਦੀਆਂ ਹੋਣਗੀਆਂ
ਪਿੰਡ ਦੀਆਂ ਗਲੀਆਂ,
ਚਿਤਵਦੀ ਹੋਵੇਂਗੀ ਜੱਦ
ਏਥੋਂ ਦੀਆਂ ਚੌੜੀਆਂ ਸੜਕਾਂ ।
ਪਰ ਇਨਾਂ ਸੜਕਾਂ ਉਪਰ ਫਿਰਦੇ
ਝੀਤਾਂ ਵਰਗੇ ਦਿਲਾਂ ਵਿਚ ਦੀ
ਕਿੰਝ ਗੁਜਰੇਂਗੀ
ਤੂੰ ਨਹੀਂ ਜਾਣਦੀ ।

ਬਾਪੂ ਸਿਰ ਕਰਜਾ ਚਾੜ੍ਹ
ਬਣਾਏ ਗਹਿਣੇ ਤੇ ਸਾੜ੍ਹੀ
ਪਾ, ਸ਼ੀਸ਼ੇ ਵਿਚ ਤਕਦੀ ਹੋਵੇਂਗੀ ਜਦ
ਹੋ ਹੀ ਜਾਂਦਾ ਹੋਣਾ ਹੈ
ਰੂਪ ਤੇ ਗੁਮਾਨ ।
ਪਰ ਇਸ ਰੂਪ ਨੂੰ ਨਿਗਲ ਜਾਵੇਗੀ
ਕੋਈ ਬੇਤਰਸ ਬੇਕਰੀ ।
ਬਾਕੀ ਰਹਿ ਜਾਵੇਗਾ ਧੁਆਂਖਿਆ ਚਿਹਰਾ
ਅਤੇ ਵੀਣੀ ਤੇ ਉਭਰੀਆਂ ਨੀਲੀਆਂ ਨਾੜਾਂ ।

ਹੁਣ ਬੱਸ ਵਿਚ ਬੈਠਿਆਂ
ਸਿਰ ਦਰਦ ਲਾ ਦਿੰਦਾ ਹੋਵੇਗਾ
ਕੱਚੇ ਤੇਲ ਦਾ ਧੂਆਂ ।



ਜਦੋਂ ਏਥੇ ਕਿਸੇ ਧੂੰਏਂ ਭਰੇ
ਰੈਸਤੋਰਾਂ ਵਿੱਚ ਕਰੇਗੀ ਸਾਫ
ਧੁਖਦੇ ਟੋਟਿਆਂ ਵਾਲੀਆਂ ਐਸ਼ਟਰੇਆਂ,
ਤਾਂ ਕੀ ਬੀਤੇਗੀ ?

ਪਿਆਰ ਪਿਆਰ ਹੋਈ
ਕਦੇ ਭਰਦੀ ਹੋਵੇਂਗੀ, ਮੇਰੇ
ਖਿਆਲੀ ਆਕਾਰ ਨੂੰ ਕਲਾਵਾ
ਤਾਂ ਗੰਦਲ ਸੰਦਲ ਹੋ ਜਾਂਦੀ ਹੋਵੇਂਗੀ ।
ਪਰ ਮੇਰੇ ਸਰੀਰ ਵਿਚ
ਤਾਂ ਰਚ ਚੁੱਕੀ ਹੈ
ਤਾਜ਼ੀ ਕੱਟੀ ਸੀਡਰ ਦੀ ਬਦਬੂ ।
ਸੋਚਦੀ ਹੋਵੇਗੀ ਬਹੁਤ ਕੁਝ ਹੋਰ ਵੀ
ਜੋ ਉਂਝ ਨਹੀਂ ਹੋਣਾ
ਪਹਿਲਾਂ ਹੀ ਦੱਸ ਦਿੰਦਾ ਹਾਂ ਮੈਂ
ਤਾਂ ਕਿ ਹੱਥਾਂ 'ਚ ਤਿੜਕੇ ਸੁਫ਼ਨੇ
ਕਰ ਜਾਣ ਨਾ, ਪੋਟਿਆਂ ਨੂੰ ਜ਼ਖ਼ਮੀ ।

## ਗ਼ਜ਼ਲ

ਹਰ ਚਿਹਰਾ ਇਕ ਪੱਥਰ,
ਸ਼ੀਸ਼ੇ ਦੇ ਇਸ ਸ਼ਹਿਰ ।

ਚੌਹੁ ਤਰਫੀਂ ਕਾਮਕ ਅੱਖਰ,
ਸੱਭਿਤਾ ਦੇ ਇਸ ਸ਼ਹਿਰ ।

ਸੂਕਣ ਜ਼ਹਿਰੀ ਨਸਲੀ ਝੱਖੜ,
ਮੁਸਕਾਹਟਾਂ ਓਹਲੇ ਇਸ ਸ਼ਹਿਰ ।

ਅੱਖਾਂ ਵਿਚ ਲਟਕਾਈ ਸੁਫਨੇ,
ਲੋਕ ਭਟਕਦੇ ਨੇ ਇਸ ਸ਼ਹਿਰ ।

ਪੈਰ ਨੇ ਜ਼ਖ਼ਮੀ ਖਾ ਖਾ ਠੋਕਰ
ਪੱਕੀਆਂ ਸੜਕਾਂ ਨੇ ਇਸ ਸ਼ਹਿਰ ।





# ਸਾਧੂ

## ਜਵਾਬ

ਸਾਡੇ ਬਾਰੇ ਤਾਂ ਤੁਸੀਂ ਅਕਸਰ
ਕੁੱਝ ਨਾ ਕੁੱਝ ਫਰਮਾਉਂਦੇ ਹੀ ਰਹਿੰਦੇ ਹੋ
ਜਿਹਦੇ ਵਿਚੋਂ ਜੇ ਚੰਗਾ ਚੰਗਾ ਕੱਢ ਵੀ ਦੇਈਏ
ਤਾਂ ਬਾਕੀ ਪੂਰੇ ਦਾ ਪੂਰਾ ਬਚ ਜਾਂਦਾ ਹੈ ।

ਆਓ ਹੁਣ ਦੋ-ਤਰਫੀ ਗੱਲ ਕਰੀਏ
ਜਾਂ ਇੰਝ ਕਹਿ ਲਵੋ
ਤੁਹਾਡੇ ਬਾਰੇ ਅਸੀਂ ਵੀ ਕੁਝ 'ਫਰਮਾਉਣਾਂ' ਚਾਹੁੰਦੇ ਹਾਂ ।

ਤੁਸੀਂ ਦਸਦੇ ਹੋ 'ਅਸੀਂ ਬਦਲ ਨਹੀਂ ਸਕਦੇ'
ਪਰ ਜਿੰਨਾ ਅਸੀਂ ਪਿੰਡੋਂ ਤੁਰਕੇ
ਵੈਨਕੂਵਰ ਤੱਕ ਬਦਲ ਜਾਂਦੇ ਹਾਂ
ਤੁਸੀਂ ਤਿੰਨਾਂ ਸਦੀਆਂ 'ਚ ਨਹੀਂ ਬਦਲੇ ।
ਸਾਡੀਆਂ ਸਾੜ੍ਹੀਆਂ ਸਲਵਾਰਾਂ
ਤੁਹਾਡੇ ਮਾਂਗਵੇਂ ਸਭਿਆਚਾਰ ਦੇ
ਮੇਚ ਨਹੀਂ ਆਉਂਦੀਆਂ
ਪਰ ਕੀ ਤੁਸੀਂ 'ਟੀਪੀ' 'ਚ ਵੜਕੇ
ਸਿਰ 'ਤੇ ਖੰਭ ਲਾਏ ਸਨ ?
ਮੀਂਹ ਵਰਾਉਣ ਲਈ ਨਾਚ ਕੀਤਾ ਸੀ ?

ਸਾਡੀਆਂ ਕਈ ਆਦਤਾਂ
ਤੁਹਾਨੂੰ ਚੰਗੀਆਂ ਨਹੀਂ ਲੱਗਦੀਆਂ
ਪਰ ਅਜਿਹੇ ਮੌਕੇ
ਬੜੀ ਚਲਾਕੀ ਨਾਲ ਭੁੱਲ ਜਾਂਦੇ ਹੋ
ਉਸ ਅਜ਼ਾਦੀ ਦੀ ਗੱਲ
ਜਿਹੜੀ ਬਾਂਸਾਂ ਵਾਂਗ ਪੈਰਾਂ ਨਾਲ ਬੰਨੀ
ਦੁਨੀਆਂ 'ਚ ਸਭ ਤੋਂ ਉੱਚਾ ਦਿਸਣਾਂ ਚਾਹੁੰਦੇ ਹੋ



ਜਿਸ ਮੁਤਾਬਕ ਅਸੀਂ ਆਜ਼ਾਦ ਹਾਂ
—ਜੋ ਵੀ ਮਰਜ਼ੀ ਕਰਨੇ ਨੂੰ
ਪਰ ਲੱਗਦਾ ਹੈ
'ਜੋ ਵੀ ਮਰਜ਼ੀ' ਕਰਨ ਦਾ ਮਤਲਬ
ਸਿਰਫ ਤੁਹਾਡੀ ਨਕਲ ਹੈ।
ਕੀ ਸਾਡੇ ਤੱਕ ਪਹੁੰਚਦਿਆਂ
ਤੁਹਾਡੀ ਅਜ਼ਾਦੀ ਘਸ ਜਾਂਦੀ ਹੈ?

ਤੁਹਾਡੀ ਹਰ ਗੱਲ 'ਚੋਂ ਸਾਫ ਦਿਸਦਾ ਹੈ
'ਜਿਸ ਕੀ ਲਾਠੀ ਉਸ ਕੀ ਭੈਂਸ' ਦਾ ਫ਼ਲਸਫ਼ਾ
ਤਾਂਹੀਓ ਤਾਂ
ਹੁਣ ਜੇ ਤੁਹਾਡਾ ਕੁਝ ਵੀ ਵਿਗੜ ਜਾਂਦਾ ਹੈ
ਤਾਂ ਸਾਡੀ ਵੱਲ ਕਰ ਕੇ ਉਂਗਲੀ
ਸਾਰ ਲੈਂਦੇ ਹੋ ਡੰਗ।

ਅਸੀਂ ਜੋ ਹੱਥਾਂ ਦੀ ਕਿਰਤ ਕਰਨ ਵਾਲੇ ਹਾਂ
ਘੜਦੇ ਹਾਂ ਦੁਨੀਆਂ ਦਾ ਹਰ ਅਜੂਬਾ
ਤੁਹਾਥੋਂ ਕੋਈ ਖੈਰ ਨਹੀਂ ਮੰਗਦੇ
ਭਾਵੇਂ ਅਸੀਂ ਛੱਡ ਆਏ ਹਾਂ
ਉਹ ਹਲ ਪੰਜਾਲੀਆਂ, ਤੇਸੇ ਆਰੀਆਂ
ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਦੇ ਸਾਰੇ ਸੰਦ
ਤੇ ਛੱਡ ਆਏ ਹਾਂ ਉਹ ਪਿੰਡ, ਜਿੱਥੇ
ਸੂਰਜ ਮਿਟਣ ਵੇਲੇ ਕਮਾਦੀਆਂ 'ਚੋਂ
ਮੋਰ ਗਾਉਂਦੇ ਉਡਦੇ ਨੇ
ਲੌਢੇ ਵੇਲੇ ਕਬੱਡੀ ਖੇਡਦੇ ਮੁੰਡਿਆਂ ਦੀ ਗੱਲਬਾਤ
ਤੁਹਾਡੇ ਟੀ. ਵੀ. ਪ੍ਰੋਗਰਾਮਾ ਤੋਂ ਕਿਤੇ ਦਿਲਕਸ਼ ਹੁੰਦੀ ਹੈ

ਸਵੇਰੇ ਸਵਖਤੇ ਭਾਫਾਂ ਛੱਡਦੇ ਖੂਹਾਂ ਦੇ ਪਾਣੀ
ਤੁਹਾਡੇ ਸਾਉਨਾ-ਬਾਥ ਤੋਂ ਘੱਟ ਨਹੀਂ ਹੁੰਦੇ
ਮੰਨਿਆ ਕਿ ਉਂਝ ਅਸੀਂ





ਭੁੱਖ ਹੱਥੋਂ ਤੰਗ ਹੋਕੇ ਇਧਰ ਨੂੰ ਦੌੜੇ ਹਾਂ
ਕਿਉਂਕਿ ਤੁਹਾਡੇ ਜਮਾਤੀ
ਸਾਡੇ ਕਾਮੇ ਹੱਥਾਂ 'ਚ ਖਾਣ ਜੋਗਾ ਕੁਛ ਨਹੀਂ ਛੱਡਦੇ
ਪਰ ਤੁਸੀਂ ਵੀ ਕਿਹੜਾ ਘੱਟ ਕਰਦੇ ਹੋ

ਤੁਸੀਂ ਜੋ ਦੇਕੇ ਸਾਨੂੰ
ਫਰਸ਼ਾਂ ਸਾਫ ਕਰਨ ਦਾ
ਬੇਰੀ ਤੋੜਨ ਦਾ, ਫੱਟੇ ਖਿੱਚਣ ਦਾ
ਟੈਕਸੀ ਵਾਹੁਣ ਦਾ ਤੇ ਭਾਂਡੇ ਧੋਣ ਦਾ ਕੰਮ
ਸਾਡਾ ਲਾਹਕੇ ਪੂਰੀ ਤਰ੍ਹਾਂ ਚੰਮ
ਸਾਡੇ ਥੱਕੇ ਹੋਏ ਕੰਨਾਂ ਵਿੱਚ ਗਜਾਉਂਦੇ ਹੋ
ਅਹਿਸਾਨ ਦੀ ਬੀਨ
ਜਾਓ: ਕਿਸੇ ਛੱਪੜ 'ਚ ਮੂੰਹ ਧੋਕੇ ਆਓ।

ਕੀ ਹੋਇਆ ਅਸੀਂ
ਅਜੇ ਬੇਖ਼ਬਰ ਹਾਂ ਆਪਣੇ ਹੱਕਾਂ ਤੋਂ
ਦੂਜੇ ਕਾਮੇ ਹੱਥਾਂ ਨਾਲ ਮਿਲਕੇ
ਅਜੇ ਉਹ ਮਾਰੂ ਮੁੱਕਾ ਨਹੀਂ ਵੱਟਿਆ
ਜਿਹਨੇ ਤੁਹਾਡਾ ਸਿਰ ਫੇਹਣਾਂ ਹੈ
ਪਰ ਇਹ ਤਾਂ ਤੁਸੀਂ ਵੀ ਜਾਣਦੇ ਹੋ
ਜਿਸ ਦਿਨ ਅਸੀਂ ਆਪਣੇ ਹੱਕ ਪਛਾਣੇਂ
ਤੇ ਬਾਹਾਂ ਉਲਾਰੀਆਂ
ਤੁਸੀਂ ਤਾਂ ਕੰਨ 'ਚ ਪਾਇਆਂ ਵੀ ਨਹੀਂ ਰੜਕਣਾਂ
ਕੀ ਹੋਇਆ ਜੇ ਸਾਡੇ ਸਿਰਾਂ ਤੇ ਚੜ੍ਹ—
ਅਜੇ ਦਾਬੂ ਨਾਚ ਕਰਦੇ ਹੋ
ਪਰ ਯਾਦ ਰੱਖੋ ਡਿਗਣਾਂ ਤੁਸੀਂ ਹੈ ਹਵਾ ਵਿਚੋਂ
ਧਰਤੀ ਉਤੇ ਲੱਗੇ ਜੋ ਪੈਰ, ਉਹ ਸਾਡੇ ਹਨ।



## ਬਦਲਾ

ਮੁਲਾਇਮ ਗੱਦੀ ਦਾ
ਹੱਥ 'ਚ ਸਟੇਰਿੰਗ ਵੀਲ੍ਹ ਦਾ
ਸਫ਼ਰ ਦੀ ਤੇਜ਼ੀ ਦਾ
ਕਦੀ ਨਾ ਕਦੀ ਗੁਬਾਰ
ਚੜ੍ਹ ਹੀ ਜਾਂਦਾ ਹੈ ਸਿਰ ਨੂੰ
ਫਿਰ ਸੜਕ ਕਿਨਾਰੇ ਖੜ੍ਹੀ
ਅੰਗੂਠਾ ਕਰੀ ਕੁੜੀ ਜਦ
ਖ਼ੁਰਦਬੀਨੀ ਨਜ਼ਰਾਂ 'ਚ ਸਰਕਦੀ ਹੈ
ਦੇਖ ਕੇ ਉਹਦੀਆਂ ਬਿੱਲੀਆਂ ਅੱਖਾਂ
ਸੋਚ ਵਿਚ ਪਲ ਭਰ ਲਈ
ਅੜ ਜਾਂਦਾ ਹੈ
ਤਿੰਨ ਸੌ ਸਾਲਾ ਇਤਿਹਾਸ
ਤਾਜ਼ਾ ਅਖ਼ਬਾਰੀ ਸੁਰਖੀਆਂ ਦਾ
ਰੋੜ ਬਣ
ਕੋਈ ਗੁਲਾਮ ਅਵਾਜ਼
ਅੰਦਰੋਂ ਚੀਕਦੀ ਹੈ
ਬਦਲਾ !
ਬਿੱਲੀਆਂ ਅੱਖਾਂ ਤੋਂ
ਜਿਸ ਤਰ੍ਹਾਂ ਵੀ ਲਿਆ ਜਾਵੇ
ਬਦਲਾ !!
ਪਰ —
ਟੁੱਟ ਜਾਂਦਾ ਹੈ ਜਦੋਂ
ਪਲ ਭਰ ਦਾ ਵਹਿਸ਼ੀ ਜਨੂੰਨ
ਮਸਤਕ 'ਚ ਉੱਭਰਦਾ ਹੈ
ਦਿਓ ਕੱਦ ਪ੍ਰਸ਼ਨ-ਚਿੰਨ੍ਹ
ਇਹ ਕਿਹੀ ਸੋਚ ਹੈ
ਅਸਲੀ ਕਸੂਰਵਾਰ ਭਲਾ
ਸੜਕਾਂ ਤੇ ਇੰਜ ਕਦੋਂ ਮਿਲਦੇ ਨੇ ?





## ਰੋਡੇਸ਼ੀਆ

ਰਾਤ ਬਰਾਤੇ ਜੋ
ਚੜ੍ਹ ਬੈਠਾ ਹੈ
ਘਾਹ ਦੀ ਤਿੜ੍ਹ ਤੇ
ਤਰੇਲ ਦਾ ਤੁੱਪਕਾ
ਸੁੰਦਰਤਾ ਦੀ ਧੌਂਸ ਜਮਾਵੇ
ਕਿੰਨਾ ਕੁ ਚਿਰ ਇਹ ਚਮਕ ਸਕੇਗਾ
ਸੂਰਜ ਦੇ ਨਾਲ ਅੱਖ ਮਿਲਾਕੇ ?

ਬਰਫ਼ੀਲੇ ਮੌਸਮੀ ਜੋ
ਫਸ ਬੈਠੇ ਹਨ
ਘੁੰਗਰਾਲੇ ਵਾਲਾਂ 'ਚ
ਬਰਫ਼ ਦੇ ਤੋਦੇ
ਖ਼ੁਦ ਨੂੰ ਦੱਖਣੀ ਧਰੁੱਵ ਦਸਦੇ ਹਨ
ਕਿੰਨਾ ਕੁ ਚਿਰ ਇਹ ਰੱਖ ਸਕਣਗੇ
ਸਿਰਾਂ 'ਚ ਜਾਗਿਆ ਲਾਵਾ ਦਬਾ ਕੇ ?



## ਸੂਫੀ ਅਮਰਜੀਤ

### ਅਸੀਂ ਮਨੁੱਖ ਹੋਵਾਂਗੇ

......ਅਸੀਂ ਮਨੁੱਖ ਹੋਵਾਂਗੇ
ਅਸਲੀਅਤ ਇਹੋ ਹੈ ਹਾਲੇ ਵੀ
ਕਿ ਅਸੀਂ ਪੰਜਾਬੀ ਹੀ ਹਾਂ
ਭਾਵੇਂ ਅਸੀਂ ਕੈਨੇਡੀਅਨ-ਜਿਹੇ
ਹੀ ਬਣ ਗਏ।
ਪਰ ਚਿੱਟੀ ਚਮੜੀ ਵਾਲਿਆਂ
"ਈਸਟ — ਇੰਡੀਅਨ"
ਦਾ ਅਬਚਲ ਤਖ਼ੱਲਸ
ਸਾਨੂੰ ਬਖਸ਼ ਦਿੱਤਾ ਹੈ!

ਪੰਜਾਬੀ ਸਾਡਾ ਸੁਭਾਓ ਜੋ ਹੋਇਆ
ਪੰਜਾਬੀਆਂ ਵਾਂਗ ਫੇਰ ਰਹੀਏ ਕਿਉਂ ਨਾ ਭਲਾ
— ਮਨੁੱਖ ਕੋਈ ਵਿਸਕੀ ਦੀ
ਪੂਰੀ ਬੋਤਲ ਤੋਂ ਉਰੇ
ਘਟ ਹੀ ਠਹਿਰਦਾ ਹੈ,
ਇਸਤਰੀ, ਕਿਸੇ ਕਿਸੇ ਨੂੰ ਛੱਡ ਕੇ
ਬੀਅਰ, ਵਾਇਨ ਨੂੰ
ਛੂੰਹਦੀ ਤੱਕ ਨਹੀਂ।

ਫਰੇਜਰ-ਵੈਲੀ ਦੇ ਖੇਤਾਂ ਦਾ ਕੰਮ
ਚੀਨਿਆਂ ਤੋਂ ਬਿਨਾਂ ਅਸੀਂ ਹੀ ਸਾਂਭਿਆ ਹੈ
ਪਰ ਪੰਜਾਬੀ ਠੇਕੇਦਾਰ
ਬੇਕਿਰਕ ਨਸਤਰ ਲਾ ਕੇ
ਚੋਖਾ ਲਹੂ ਡੀਕ ਜਾਂਦੇ ਹਨ।
ਚੁਗਲੀ, ਸਾੜਾ, ਹੈਂਕੜ



ਕੌਣ ਸਾਡੇ ਕੋਲੋਂ ਖੋਹ ਸਕਦਾ ਹੈ?
ਵਿਆਹਾਂ ਤੇ ਦਾਜ ਦੇਣ-ਲੈਣ ਬਿਨਾਂ
ਨੱਕ ਬਚਦਾ ਹੀ ਨਹੀਂ —
ਨਾਲੇ ਸਰੀਕ ਕੀ ਆਖੂ ਭਲਾ
ਜੇ ਬੱਲੇ ਨਾ ਕਰ ਦਿਖਾਈ,
ਵਿਆਹ-ਪਾਰਟੀਆਂ ਤੇ
ਸਿਰ ਕਦੇ ਕਦੇ ਪਾਟ ਹੀ ਜਾਂਦੇ ਹਨ
ਪੰਜਾਬੀ ਬੋਲਣ ਬਿਨਾਂ ਗੁਜ਼ਾਰਾ ਵੀ ਨਹੀਂ ਹੁੰਦਾ
ਪੜ੍ਹਨ-ਲਿਖਣ ਦਾ ਤਾਂ ਭਲਾ —
ਵਿਹਲ ਹੀ ਨਹੀਂ ਲਗਦਾ।

ਕਨੇਡੀਅਨ ਬਣੇ ਬਿਨਾਂ ਵੀ ਗੁਜ਼ਾਰਾ ਮੁਸਕਲ ਹੈ
ਸਿਟੀਜਨ ਨੂੰ ਸਹੂਲਤਾਂ ਵੀ ਤਾਂ ਕਈ ਹਨ
ਪਰ ਸਿਟੀਜਨਸ਼ਿਪ ਕੋਈ ਜ਼ਰੂਰੀ ਵੀ ਨਹੀਂ
ਕਨੇਡੀਅਨ ਜਿਹਾ ਬਣਨ ਲਈ।
ਸੂਟ ਵੀ ਪਾਉਣਾ ਪੈਂਦਾ ਹੈ ਕਦੀ ਕਦੀ
ਪੈਂਟ-ਜਾਕਟ ਨਾਲ ਵਧੀਆ ਸਰੀ ਜਾਂਦਾ ਹੈ
ਨਾਲੇ ਟਾਈ ਲਾਉਣ ਦਾ ਸਿਆਪਾ ਨਹੀਂ ਰਹਿੰਦਾ।

"ਮੈਕਡੌਨਲਡ" ਦੇ ਗਾਂ-ਮਾਸ ਵਾਲੇ
'ਹੈਮਬਰਗਰ' ਖਾਧੇ ਬਿਨਾਂ
ਨਿਆਣੇ ਕਦੋਂ ਰਿਹਾੜੋਂ ਮੁੜਦੇ ਹਨ,
'ਬੀਫ' ਚੁੱਲੇ ਨਹੀਂ ਚੜ੍ਹਨ ਦੇਣਾ ਆਪਾਂ,
ਮੁਰਗਾ ਹੀ 'ਔ-ਰੈਟ' ਰਹਿੰਦਾ ਹੈ
ਟੁੱਟੀ-ਭੱਜੀ ਇੰਗਲਿਸ਼, ਕੰਮ 'ਤੇ
ਡੰਗ ਸਾਰ ਹੀ ਦਿੰਦੀ ਹੈ।
ਲਕੜੀ ਮਿੱਲਾਂ 'ਚ ਕਿਤੇ ਕਿੰਨੀ ਕੁ
ਬੋਲਣ ਦੀ ਲੋੜ ਹੁੰਦੀ ਹੈ।
ਦੜੇ-ਦਫਤਰੀਂ ਬਾਤ ਵਾਲਾ ਭਾਈ
'ਹੈਲਪ' ਕਰ ਦਿੰਦਾ ਹੈ।

ਬਿਜਨੈਸਮੈਨ ਤਾਂ ਸਭ
ਬੀ. ਏ. ਐਮ. ਏ. ਹੁੰਦੇ ਹੀ ਨੇ
ਮਜ਼ਦੂਰੀ ਕਰਨ ਲਈ
ਕਿਹੜੀ ਲੋੜ ਪੈਂਦੀ ਹੈ ਡਿਗਰੀਆਂ ਦੀ
ਅੱਠ-ਘੰਟੇ ਮਿਹਨਤ ਹੀ ਵੇਚਣੀ ਹੈ ਅਸਾਂ
ਆਪਾਂ ਕੋਈ ਠੱਗੀ ਤਾਂ ਨਹੀਂ ਮਾਰਨੀ
ਊਂ ਜੇ ਬਾਤ ਆਉਂਦੀ ਹੋਵੇ ਤਾਂ ਹੈ ਚੰਗਾ।
ਰੀਟਾਇਰਮੈਂਟ ਉਤੇ ਦੋ ਪੈਨਸ਼ਨਾਂ ਲੱਗ ਜਾਣੀਐਂ
ਕੰਪਨੀ ਦੀ 'ਤੇ, ਸਰਕਾਰੀ
ਘਰ ਵੀ ਕਿਸ਼ਤ-ਮੁਕਤ (ਫਰੀ)
ਹੋ ਜਾਣਾ ਤਦੋਂ ਤੱਕ।
ਕੁੜੀਆਂ ਘਰੋਂ ਘਰੀਂ ਨੇ
ਮੁੰਡੇ ਤਾਂ ਪਤਾ ਨਹੀਂ
ਗੋਰੀਆਂ ਹੀ ਲੈ ਆਉਣ
— ਐਥੇ ਹੋਣਗੇ
ਪਰ ਜਿਵੇਂ ਮਰਜ਼ੀ ਪਏ ਕਰਨ
ਆਖਿਆਂ, ਕੋਈ ਆਖੇ ਤਾਂ ਲੱਗਣਾ ਨਹੀਂ ਉਨ੍ਹਾਂ।
ਸਾਨੂੰ ਤਾਂ ਪਤਾ ਨਹੀਂ, ਕਦੋਂ
ਸਾਹ ਆਵੇ ਨਾ ਆਵੇ
ਆਪਣੀ ਜਿਹੋ ਜਿਹੀ ਹੈ
ਚੰਗੀ ਲੰਘ ਜਾਣੀ ਹੈ।
ਰਹੀ ਗੱਲ ਦੇਸ਼ ਦੀ
ਕਿਥੇ ਹੁਣ ਜਾ ਹੋਣਾ ਭਲਾ
ਚਲੇ ਵੀ ਗਏ ਤਾਂ ਰਹਿ ਨਹੀਂ ਹੋਣਾ
ਕਾਰ, ਟੀ. ਵੀ., ਫੂਨ ਤੇ ਫਰਿਜ ਦੀ ਮੌਜ
ਨਾਲੇ ਪੈਨਸ਼ਨ ਦਾ ਲਾਲਚ
ਵੀ ਨਹੀਂ ਜਾਣ ਦਿੰਦਾ।
ਪਰ ਛੱਜੂ ਦੇ ਚੁਬਾਰੇ ਵਰਗਾ ਸੁਖ
ਏਥੇ ਤਾਂ ਨਹੀਂ ਹੈ।





ਸੌ ਦੁੱਖਾਂ ਦਾ ਦੁੱਖ ਤਾਂ
'ਈਸਟ ਇੰਡੀਅਨ' ਹੋਣ ਦਾ ਹੈ
ਬਥੇਰਾ ਸਾਬਣ ਮਲੀ ਦਾ ਹੈ
ਰੰਗ ਕਿਥੇ ਬਦਲਦਾ ਭਲਾ ਸਾਡਾ
ਕਈ ਗੋਰੇ ਤਾਂ ਸਾਨੂੰ ਦੇਖ
ਮੱਚ ਜਾਂਦੇ ਨੇ,
ਕਈ ਬੁੜ-ਬੁੜ ਕਰਦੇ ਲੰਘ ਜਾਂਦੇ ਨੇ
ਕਈ ਕਾਰ ਵਿਚੋਂ ਥੁੱਕ ਜਾਂਦੇ ਨੇ
ਕੋਈ ਕੋਈ ਗਾਲ੍ਹਾਂ ਦੁੱਪੜ ਬੱਕ ਜਾਂਦਾ ਹੈ
ਹੱਥੋ-ਪਾਈ ਦੀ ਨੌਬਤ ਕਈ ਵਾਰ ਆਈ ਹੈ
ਕਈ ਸਰਕਾਰੀ ਅਫਸਰ
'ਤੇ ਪੂੰਜੀ ਪਤੀ ਟੇਡੇ ਢੰਗੀਂ
'ਤੇ ਉਨ੍ਹਾਂ ਦੇ ਰੇਡੀਓ — ਅਖਬਾਰ
ਦਿਨੇ-ਰਾਤੀਂ—
ਰੰਗ ਭੇਦ ਦੀ ਸੂੰਹਣ ਖੜੀ ਹੀ ਰੱਖਦੇ ਨੇ
ਚਿੱਟੇ — ਕਾਲਿਆਂ ਵਿਚ ਪਾੜਾ
ਉਨ੍ਹਾਂ ਦੇ ਹਿੱਤ ਵਿਚ ਜੋ ਹੋਇਆ
ਪਰ ਆਮ ਚਿੱਟੇ ਲੋਕ ਮਾੜੇ ਨਹੀਂ ਹੁੰਦੇ।

ਸਾਡਾ ਗੁਆਂਢੀ 'ਐਂਡੀ'
ਚਿੱਟੇ-ਕਾਲੇ ਸਾਰੇ ਬੱਚਿਆਂ ਨੂੰ
ਹਾਕਾਂ ਮਾਰ ਮਾਰ ਸੱਦ ਲੈਂਦਾ ਹੈ
ਕੋਈ ਉਸ ਦੇ ਮੋਢੇ ਚੜ੍ਹਦਾ ਹੈ
ਕੋਈ ਲੱਤ ਨੂੰ ਚੁੰਬਕ ਖੜਦਾ ਹੈ
ਬਿਸਕੁਟ ਤੇ ਮਿੱਠੀਆਂ ਗੋਲੀਆਂ ਖਾਂਦੇ
ਉਸਦੇ ਵਿਹੜੇ ਵਿਚ ਦੁੜੰਗੇ ਮਾਰਦੇ
ਸਾਰੇ ਖੇਡਦੇ ਰਹਿੰਦੇ ਹਨ।
ਚਿੱਟੇ, ਭੂਰੇ, ਕਾਲੇ, ਪੀਲੇ,
ਚਾਰ ਰੰਗ ਹੀ ਮਨੁੱਖਤਾ ਦੇ ਹਨ,



ਰੰਗਾਂ ਵਿਚ ਕਿਉਂ ਵੰਡ ਹੋਈਏ ਅਸੀਂ
ਇਹ ਵੰਡ ਸਾਡੀ ਏਕਤਾ ਨੂੰ ਤੋੜਦੀ
ਦੁਸ਼ਮਣਾਂ ਨੂੰ ਜੋੜਦੀ ਹੈ,
ਰੰਗ ਦੀ ਵੰਡ
ਰੰਗ ਦੀ ਜੰਗ
ਖਤਮ ਕਰਨ ਲਈ
ਆਓ ! ਦੋ ਧੜਿਆਂ 'ਚ ਵੰਡ ਕਰੀਏ
— ਕਿਰਤ ਵੇਚਣ ਵਾਲਿਆਂ, ਤੇ
— ਕਿਰਤ ਖਰੀਦਣ ਵਾਲਿਆਂ ਵਿਚ
ਸਪਸ਼ਟ ਲਕੀਰ ਕੱਢੀਏ ।
ਫਿਰ ਪੂਰਬ ਰਹੀਏ ਜਾਂ ਪੱਛਮ
ਕਨੇਡਾ ਰਹੀਏ ਜਾਂ ਇੰਡੀਆ ਜੋ ਹੋਰ ਕਿਧਰੇ
ਪੰਜਾਬੀ ਜਾਂ ਅੰਗਰੇਜ਼ੀ ਬੋਲੀਏ
ਚਿੱਟੇ ਹੋਈਏ ਜਾਂ ਕਾਲੇ
ਸਭਨਾਂ ਉਪਰ ਇਕੋ ਲਹੂ ਵਰਗਾ—
ਚੰਦੋਆ ਤਾਣ ਲਈਏ
ਫਿਰ ਮਿਹਨਤ ਦੇ ਰਾਜ ਹੇਠਾਂ,
— ਅਸੀਂ ਮਨੁੱਖ ਹੋਵਾਂਗੇ ।



## ਗਜ਼ਲ

ਜ਼ਿੰਦਗੀ ਹਾਏ ! ਅਨੇਕਾਂ ਦੀ ਗਈ ।
ਐਵੇਂ ਅਨੇਕਾਂ ਦੀ ਹੀ ਹੁਣ ਹੈ ਜਾ ਰਹੀ ।

ਜੰਮਣਾ, ਜੀਣਾ ਤੇ ਮਰਨਾ ਅੰਤ ਨੂੰ
ਇਸ ਨੂੰ ਹੀ ਆਖੀਏ ਕੀ ਜ਼ਿੰਦਗੀ ।

ਮਨੁੱਖ ਤੇ ਵੈਰੀ-ਮਨੁੱਖ ਦਾ ਫਰਕ ਹੈ
ਸਮਝਣੀ ਚਾਹੀਦੀ ਇਹ ਕਸ਼ੀਦਗੀ ।

ਕਿਉਂ ਤੂੰ ਬੈਠੈਂ ਯਾਰਾ ਢਾਹੀ ਢੇਰੀਆਂ
ਹੋਕੇ ਤਕੜਾ ਸਿੱਝ ਜਿੱਦਾਂ ਬੀਤਦੀ ।

ਜੂਝਣਾ ਇਕੋ ਸਕਾਰਥ ਸੱਚ ਹੈ
ਬੇਅਸੂਲੀ ਸੁਲਾਹ ਹੈ ਬੇਹੂਦਗੀ ।

ਜਿੱਤ ਤੱਕ ਹਾਰਾਂ ਨੇ ਸਭੇ ਪੌੜੀਆਂ
ਇਹ ਵਡੇਰੇ ਭੇਦ ਦੀ ਗੁੱਝੀ ਕੜੀ ।

'ਸੂਫ਼ੀ' ਪੀ ਕੇ ਸੋਫੀ ਕਹਿਣਾ ਝੂਠ ਹੈ
ਸੱਚ ਉੱਤੇ ਪੜਦਾ, ਕਾਹਦੀ ਰਿੰਦਗੀ ।

# ਸੁਰਜੀਤ ਕਲਸੀ

## ਕੋਲਾਜ਼-ਇਕ

ਮੈਨੂੰ ਪਤਾ ਹੈ ਤੇਰੇ ਘਰ ਆਉਣ ਦੇ ਨਾਲ ਹੀ
ਗੁਲਾਬ ਦੇ ਫੁੱਲਾਂ ਵਰਗੀ ਇਕ ਮਹਿਕ
ਤੇਰੇ ਕਦਮਾਂ ਦੇ ਨਾਲ ਦਹਿਲੀਜ਼ ਪਾਰ ਕਰਦੀ
ਘਰ ਅੰਦਰ ਦਾਖ਼ਿਲ ਹੋ ਜਾਇਆ ਕਰਦੀ ਹੈ
ਕੱਟੇ ਹੋਏ ਪਿਆਜ਼, ਅਦਰਕ, ਲਸਣ ਦੀ ਬਾਸ
ਤੇਰਾ ਤੇ ਉਸ ਮਹਿਕ ਦਾ ਸੁਆਗਤ ਕਰਦੀ ਹੈ

ਪਸੀਨੇ ਦੀ ਖ਼ੁਸ਼ਬੋ
ਮੈਲੀਆਂ ਜੁਰਾਬਾਂ ਦੀ ਹਮਕ
ਕੂੜੇ ਦੇ ਪੀਪੇ ਵਿਚੋਂ ਉਠਦੀ ਸੰਘਣੀ ਬੋ
ਕੱਟੇ ਹੋਏ ਪਿਆਜ਼, ਅਦਰਕ ਲਸਣ ਦੀ ਬਾਸ
ਮਖ਼ਮਲ ਦੇ ਇਕ ਬੋ-ਰਹਿਤ ਟੁਕੜੇ ਤੇ ਟਾਂਕ ਦੇਂਦੀ ਹਾਂ।

## ਕੋਲਾਜ਼-ਦੋ

ਇਕ ਜ਼ੁਬਾਨ ਜਾਮਨੀ ਰੰਗ ਦੀ
ਦੋ ਅੱਖਾਂ ਤ੍ਰੇੜਾਂ ਹਰੇ ਕਾਰਨੀਆ ਵੇਖਣ
ਦ੍ਰਾਵੜੀ ਨੱਕ ਉਤੇ ਯੂਨਾਨੀ ਨੋਕ
ਦੋ ਨੀਗਰੋ ਬੁੱਲਾਂ ਉਤੇ ਮੋਨਾਲਿਜ਼ੀ ਮੁਸਕਾਨ
ਗੰਜੇ ਸਿਰ ਦੁਆਲੇ ਸੁਨਹਿਰੀ ਵਾਲਾਂ ਦੀ ਝਾਲਰ
ਇਹ ਮੈਂ ਹਾਂ: ਵੀਹ ਸੌ ਵੀਹ ਦੇ ਧਰਤ ਗ੍ਰਹਿ ਉਤੇ
ਇਕ ਮਿਸ਼ਰਤ ਇਨਸਾਨ।



## ਫਿਰ ਤੁਰਿਆ ਸਿਧਾਰਥ...

(1)

ਇਕ ਕਣ ਸਪਰਮ
ਨਿੱਘੀ ਤੇਰੀ ਗੁਫ਼ਾ ਵਿਚ ਛੱਡ ਚਲਿਆ ਹਾਂ
ਜੇ ਪੁੱਤਰ ਹੋਇਆ
ਤਾਂ ਜ਼ਰੂਰੀ ਨਹੀਂ ਉਸਦਾ ਨਾਂ ਰਾਹੁਲ ਹੀ ਰਖਿਆ ਜਾਏ
ਬੀਰੂ ਧੀਰੂ ਕੁਝ ਵੀ ਰਖ ਦੇਵੀਂ
ਜੇ ਧੀ ਹੋਈ ਤਾਂ ਉਸਨੂੰ ਗਾਲ੍ਹ ਨਾ ਕੱਢੀਂ
ਕਰਮਾਂਵਾਲੀ ਕਹਿ ਛਡੀਂ
ਤੈਨੂੰ ਵੀ ਪਤਾ ਹੈ ਤੇ ਮੈਨੂੰ ਵੀ
ਰਾਤੀਂ ਅਸੀਂ ਚੁੱਲ੍ਹੇ ਅੱਗ ਨਹੀਂ ਸੀ ਪਾਈ
ਭੁੱਖੇ ਪੇਟ ਆਪਾਂ ਸੌਣ ਦਾ ਬਹਾਨਾ ਕਰਨ ਲਗ ਪਏ ਸਾਂ
ਪਰ ਹੁਣ ਚੰਨ ਦੀ ਚਾਨਣੀ
ਤੇਰੇ ਨਿਰਦੋਸ਼ ਚਿਹਰੇ ਤੇ ਪੈ ਰਹੀ ਏ
ਮੈਂ ਦੇਖਦਾ ਹਾਂ:
ਤੈਨੂੰ ਸੱਚਮੁੱਚ ਹੀ ਨੀਂਦ ਆ ਗਈ ਹੈ
ਮੈਂ ਆਪਣੇ ਅੰਦਰਲੇ ਸ਼ੋਰ ਤੋਂ ਡਰਦਾ
ਚੁੱਪ ਟਿਕੀ ਰਾਤ ਵਿਚ
ਤੇਰਾ ਮੱਥਾ ਚੁੰਮ
ਤੁਰ ਜਾਣ ਲਈ
ਉਠ ਖਲੋਤਾ ਹਾਂ
'ਦੁਨੀਆਂ ਦੁੱਖਾਂ ਦਾ ਘਰ' —
ਇਸੇ ਦੀ ਕਿਸੇ ਨੁਕਰ ਵਿਚੋਂ
ਸੁਖ ਭਾਲਣ ਚਲਿਆ ਹਾਂ
ਆਪਣਾ ਆਪਾ ਖੋਰ ਖੋਰ ਕੇ
ਭੋਰ ਭੋਰ ਕੇ ਖਾਂਦੇ ਰਹਿ ਕੇ
ਕਦ ਤੱਕ ਜੀ ਸਕਾਂਗੇ?

(2)

ਮੈਂ ਸਿਧਾਰਥ ਜਿਹਾ
ਪੈਰਾਂ ਨਾਲ ਬੰਨ੍ਹ ਸਫ਼ਰ
ਇਕ ਵਾਰ ਫਿਰ
ਸੁੱਤੀ ਗਰਭਵਤੀ ਨੂੰ ਛੱਡ ਤੁਰਿਆਂ ਹਾਂ
ਲਗਭਗ ਖ਼ਾਲੀ ਘਰ
(ਜ਼ਮੀਨ ਤੇ ਘਰ ਗਹਿਣੇ ਧਰ)
ਅਪਣਤ ਭਰੀਆਂ ਗਲੀਆਂ ਜੂਹਾਂ
ਆਪਣਾ ਸ਼ਹਿਰ ਤੇ ਆਪਣਾ ਦੇਸ਼ ਤਿਆਗ ਕੇ
ਆਪਣੇ ਜਜ਼ਬਾਤ ਅਪਣੀਆਂ ਖਾਹਸ਼ਾਂ
ਇਛਾਵਾਂ ਤੋਂ ਸ੍ਵੈ-ਇਨਕਾਰੀ ਹੋ
ਰੋਟੀ ਦੀ ਤਲਾਸ਼ ਵਿਚ ਤੁਰ ਪਿਆ ਹਾਂ
(ਭੁੱਖੇ ਪੇਟ ਨਾ ਹੁੰਦੀ ਭਗਤੀ)
ਮੈਂ ਤਾਂ ਇਸ ਵਾਰ ਕੋਈ ਹੋਰ
ਨਵੀਂ ਮੁਕਤੀ ਦਾ ਰਾਹ ਭਾਲਣ ਤੁਰ ਪਿਆ ਹਾਂ ।

(3)

ਫਿਰਦਾ ਫਿਰਾਂਦਾ ਹੁਣ ਮੈਂ
ਉਸ ਜਗ੍ਹਾ ਪਹੁੰਚ ਗਿਆ ਹਾਂ
ਜਿਥੇ ਮਾਇਆ ਸਰਬ ਦੁੱਖਾਂ ਦੀ
ਇਕੋ ਇਕ ਦਵਾ ਹੈ
ਇਥੇ ਮੈਨੂੰ ਕੁਝ ਸਾਧੂਨੁਮਾ ਠੇਕੇਦਾਰ ਮਿਲੇ ਨੇ
ਹਰ ਰੋਜ਼ ਜੋ ਦਸਦੇ ਮੈਨੂੰ ਤੇ ਮੇਰੇ ਵਰਗੇ
ਭਟਕਦੇ ਕਈ ਹੋਰ ਸਿਧਾਰਥਾਂ ਨੂੰ
ਮਨ ਦੀ ਸ਼ਾਂਤੀ ਆਤਮਾ ਦੀ ਸ਼ੁਧੀ ਦਾ ਰਾਜ਼
ਅਤੇ ਬੰਦ ਗੱਡੀਆਂ ਵਿਚ ਲੱਦ ਕੇ ਅਸਾਨੂੰ
ਚੈਰੀਆਂ ਤੇ ਬੈਰੀਆਂ ਦੇ ਖੇਤਾਂ ਵਿਚ ਜਾ ਦੇਂਦੇ ਉਤਾਰ
ਮਸ਼ੀਨਾਂ ਵਾਂਗੂ ਸਾਨੂੰ ਚਲਾ ਕੇ ਅੱਠ ਦਸ ਘੰਟੇ



ਬੰਦ ਗੱਡੀਆਂ ਵਿਚ ਸਾਨੂੰ ਘਰੋਂ ਘਰੀਂ ਫਿਰ ਜਾਂਦੇ ਉਤਾਰ
ਪੂਰੇ ਦਿਨ ਢਲੇ ਥੱਕ ਟੁੱਟ ਕੇ ਚੂਰ ਚੂਰ ਹੋ
ਆਪਣੇ ਕਮਰੇ ਦੀ ਚੌਥੀ ਨੁੱਕਰ ਵਿਚ ਵੜ ਕੇ
ਸੋਮਰਸ ਦੇ ਕਈ ਘੁੱਟ ਸੰਘੋਂ ਉਤਾਰ ਲੈਂਦਾ ਹਾਂ
ਤੇ ਹਰ ਰੋਜ਼ ਯਤਨ ਕਰਦਾ ਹਾਂ
ਇਨ੍ਹਾਂ ਦੁਖਦੀਆਂ ਉਂਗਲਾਂ ਨਾਲ ਲਿਖਾਂ
ਤੈਨੂੰ ਇਕ ਲੰਮਾ ਸਾਰਾ ਖ਼ਤ ਤੇ ਦੱਸਾਂ
ਕਿੰਜ ਆਤਮਕ ਜਾਗ੍ਰਤੀ ਦਾ ਭੇਤ ਪਾ ਲਿਆ ਹੈ
ਭੁੱਖ ਦੇ ਦੁੱਖ ਤੋਂ ਮੁਕਤੀ ਦਾ ਰਾਹ ਪਾ ਲਿਆ ਹੈ
ਮੈਂ ਛੇਤੀ ਹੀ ਜਾਂ ਤਾਂ ਸਣੇ ਚੋਖੀ ਮਾਇਆ ਪਰਤਾਂਗਾ
ਜਾਂ ਤੇਰੀ ਅਰਜ਼ੀ ਭਰ ਦਿਆਂਗਾ
ਤਾਂ ਜੋ ਤੂੰ ਆਪਣੀ ਅੱਖੀਂ ਆਕੇ ਦੇਖ ਸਕੇਂ
ਉਹ 'ਪਵਿਤਰ ਬ੍ਰਿੱਛ' ਜਿਸ ਦੇ
ਨੋਟ-ਪਤਰਾਂ ਦੀ ਠੰਡੀ ਛਾਂ ਹੇਠ ਤਪ ਕਰਕੇ
ਭਾਵ ਰਹਿਤ ਮਸ਼ੀਨ ਦਾ ਇਕ ਪੁਰਜ਼ਾ ਬਣਕੇ
ਮੈਂ ਸਿਧਾਰਥ ਤੋਂ ਬੁੱਧ ਬਣ ਗਿਆ ਹਾਂ
ਅੰਦਰ ਮੇਰੇ ਕਦੀ ਸੀ ਜਿਉਂਦਾ ਇਕ ਕਲਾਕਾਰ
ਕਦੋਂ ਦਾ ਉਹ ਤਾਂ ਮਰ ਚੁੱਕਾ ਹੈ
(ਹੁਣ ਤਾਂ ਇਹ ਸਰੀਰ ਢੋਰਾਂ ਦੀ ਸ਼ਰੇਣੀ ਜਾ ਰਲਿਆ ਹੈ)

(4)

ਮੁਕਤੀ ਤੇ ਆਤਮਕ ਸ਼ੁੱਧੀ
ਭਾਲਦਾ ਭਟਕਦਾ ਭਾਲਦਾ ਭਟਕਦਾ
ਭਾਲਦਾ ਜਿਸ ਟਟਹਿਣੇ ਨੂੰ ਫੜ
ਦੁਨੀਆ ਰੌਸ਼ਨ ਕਰਨ ਨਿਕਲ ਤੁਰਿਆ ਸਾਂ
ਉਸ ਪਿੰਜਰ ਹੋ ਗਏ ਸਰੀਰ ਨੂੰ
ਰੋਟੀ ਪ੍ਰਦਾਨ ਨਹੀਂ ਸੀ ਕੀਤੀ
ਯੁੱਗ ਦਰ ਯੁੱਗ ਇਸ ਸ਼ਰਮਿੰਦਗੀ ਦਾ
ਬੋਝਾ ਉਠਾ ਕੇ ਤੁਰਿਆ ਹਾਂ

ਪਰ ਅੱਜ ਮੈਂ ਬੜੀ ਦੁਚਿੱਤੀ ਵਿਚ ਹਾਂ
ਜਿਸ 'ਮਾਇਆ' ਨੂੰ ਤਿਆਗ
ਤਪ ਕਰਨ ਨਿਕਲ ਗਿਆ ਸਾਂ
ਉਸੇ ਨੂੰ ਅਜ ਲੈ ਕਲਾਵੇ
ਘਰ ਨੂੰ ਪਰਤ ਰਿਹਾ ਹਾਂ
ਮੁਕਤੀ ਦੇ ਇਸ ਨਵੇਂ ਮਾਰਗ ਦਾ ਹੁਣ
ਪਰਚਾਰ ਕਰਨ ਲਈ ਜਾਵਾਂ ਕਿ ਨਾ
ਸੋਚ ਰਿਹਾ ਹਾਂ . . . ਬਸ ਸੋਚ ਰਿਹਾ ਹਾਂ ।

## ...ਤੇ ਮਰਦ ਬੋਲਿਆ !

ਉਹ ਤਾਂ ਸਿਰਫ਼ ਬਣੀ ਹੈ
ਖੁਰੇ ਉੱਤੇ ਭਾਂਡੇ ਧੋਣ ਵਾਸਤੇ
ਉਸ ਦੇ ਹੱਥ
ਨਹੀਂ ਹੋ ਸਕਦੇ ਕਦੀ ਕਲਮ ਵਾਸਤੇ
ਉਸ ਦਾ ਮਸਤਕ :
ਬੁੱਢੀਆਂ ਸੋਚਾਂ ਦਾ ਇਕ ਸਿਆੜ
ਕਦੀ ਨਾ ਜੋ ਜਣ ਸਕਦਾ ਕੋਈ
ਨਵਾਂ ਖ਼ਿਆਲ !





# ਸੁਰਿੰਦਰ ਧੰਜਲ

## ਮਸਖ਼ਰੇ

ਅੱਕ ਥੱਕ ਕੇ ਕਹਿੰਦੇ ਹੋ
ਰੱਜ ਕੇ ਘੁਰਾੜੇ ਮਾਰ ਰਹੇ ਦਿਉ ਦੀ ਗੁਫ਼ਾ ਅੱਗੇ ਭੁੱਖ ਦੇ
ਵੈਣਾਂ ਦਾ ਕੀ ਮਤਲਬ
ਜਾਹ ਪਰਤ ਜਾਹ ਉਸੇ ਹਨੇਰਿਆਂ ਦੇ ਦੇਸ਼
ਜਿਸਦੀ ਕਾਲਖ 'ਚ ਦੋ ਕਦਮ ਤੁਰਨੋਂ ਡਰਦਾ ਤੁਰ ਪਿਐਂ
ਮਖੌਟਾ ਬਣ
ਤੁਸੀਂ ਕਿੰਨਾ ਕੁ ਜ਼ਹਿਰ ਪੀ ਚੁਕੇ ਹੋ ਜੋ ਤੁਹਾਡੇ ਸੱਚ ਨੂੰ
ਸੁਕਰਾਤ ਮੰਨ ਲਵਾਂ
ਕਿੰਨੀਆਂ ਕੁ ਸੂਲੀਆਂ ਲਟਕ ਚੁਕੇ ਹੋ ਜੋ ਤੁਹਾਡੇ ਸੱਚ ਨੂੰ
ਈਸਾ ਮੰਨ ਲਵਾਂ
ਵਿਸਕੀ, ਬੀਅਰ, ਸਿਗਰਟ, ਨੀਲੀ ਫ਼ਿਲਮ ਤੇ ਨੰਗਾ ਜਿਸਮ
ਇਹਨਾਂ ਦੇ ਸਾਏ 'ਚ ਮਦਮਸਤ ਲੁੜਕ ਰਹੇ ਤੁਹਾਡੇ ਬੋਲਾਂ
ਨੂੰ ਕਿਵੇਂ ਰੱਬ ਮੰਨ ਲਵਾਂ
ਮੇਰੇ ਲਈ 'ਕਲਾ' ਤੇ 'ਵਫ਼ਾ' ਦੇ ਅਰਥ ਬਦਲ ਜਾਂਦੇ ਨੇ
ਤੁਹਾਡੇ ਦੱਸੇ ਬੌਣੇ ਅਰਥ ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗਲਾਸ ਵਾਂਗ
ਟੁੱਟ ਫੁੱਟ ਜਾਂਦੇ ਨੇ ਆਪਣੇ ਹੀ ਬੇਮੰਜ਼ਲੇ ਸਫ਼ਰ ਦੇ ਪੈਰਾਂ ਹੇਠ
ਜਿਸਨੂੰ ਰੁਜ਼ਗਾਰ ਦਫਤਰ ਦੀ ਡਸੀ ਜਵਾਨੀ ਦੇ ਸਿਰਦਰਦ
ਭੁੱਖ ਦੀ ਹਾਂਡੀ 'ਚ ਉਬਲਦੇ ਦਿਲ-ਦਰਦ
'ਦੋ ਜਾ ਤਿੰਨ ਬੱਚਿਆਂ' ਤੋਂ ਪਹਿਲੀ ਢਿੱਡ-ਪੀੜ ਦਾ
ਇਲਾਜ ਨਹੀਂ ਪਤਾ
ਉਹ ਹਕੀਮ ਨਹੀਂ ਮਸਖ਼ਰਾ ਹੈ
ਜ਼ਿੰਦਗੀ ਦਾ ਸੰਗੀਤ ਇਕਤਾਰਾ ਹੈ ਜਾਂ ਤਾਨਪੂਰਾ—
ਜਿਸਨੂੰ ਸਿਤਾਰ ਤੇ ਗੁਟਾਰ ਦੀਆਂ ਤਾਰਾਂ ਦਾ ਅੰਤਰ
ਨਹੀਂ ਪਤਾ



## ਜਵਾਰਭਾਟੇ ਤੋਂ ਬਾਅਦ

ਤੇ ਹੁਣ
ਜਦੋਂ ਸਮੁੰਦਰੀ ਛੱਲਾਂ ਪਲ ਪਲ ਥੱਲੇ ਲਹਿ ਰਹੀਆਂ ਹਨ
ਚਲੋ ਯਾਰੋ ! ਆਪਣੇ ਗੁਆਚੇ ਅੰਗ ਲੱਭਕੇ
ਫਿਰ ਪਰਲੇ ਕੰਢੇ ਵੱਲ ਤੁਰੀਏ

ਕਦੋਂ ਕਲਪਿਆ ਸੀ ਇੰਝ ਖਿੰਡ ਪੁੰਡ ਜਾਵੇਗੀ ਕੂੰਜਾਂ ਦੀ ਡਾਰ
ਉਂਗਲੀ ਲੱਗ ਤੁਰਿਆ ਜਾਂਦਾ ਗੁੱਟ ਹੜੱਪ ਜਾਵੇਗੀ ਕੋਈ ਸ਼ਾਰਕ
ਕੰਢੇ ਤੇ ਝੂਮਦੇ ਖੇਤਾਂ ਨੂੰ ਡਸ ਲਵੇਗਾ ਕੋਈ ਤੂਫ਼ਾਨੀ ਫੈਰਾਟਾ
ਯਾਦਾਂ ਦੇ ਦਿਸਹੱਦੇ ਤੱਕ ਫੈਲ ਜਾਵੇਗੀ ਇਕ ਰੁਦਨਮਈ ਝਲਕ,
ਕਦੋਂ ਕਲਪਿਆ ਸੀ...

ਜਵਾਰਭਾਟੇ ਸਮੇਂ ਬੜਾ ਹੀ ਕੁਹਝਾ ਮੌਸਮ ਸੀ
ਅਸਮਾਨ ਛੂੰਹਦੀਆਂ ਮਕਰੀ ਲਾਟਾਂ 'ਚ ਝੁਲਸੇ ਗਏ ਸੂਰਜ ਤੇ ਕਹਿਕਸ਼ਾਂ

ਜਵਾਰਭਾਟੇ ਤੋਂ ਬਾਅਦ
ਟੁੱਟੀ ਬੇੜੀ 'ਚ ਫਸਿਆ ਸਿਰ ਕੂਕਦਾ ਹੈ :
"ਭੰਵਰ 'ਚ ਕੇਵਲ ਮੈਂ ਹੀ ਫਸਿਆ ਸੀ
ਪਰਲੇ ਕੰਢੇ ਦੀ ਖਾਹਸ਼ ਨਹੀਂ !"
ਬਰੇਤੇ 'ਚ ਤੜਪਦੀ ਤਲੀ ਕੂਕਦੀ ਹੈ :
"ਸਿਰਾ ! ਮੈਂ ਆਈ ਝਨਾਂ ਨੂੰ ਚੀਰਕੇ !"
ਦਿਲ ਦੇ ਸਹਿਕਦੇ ਟੁਕੜਿਆਂ ਦਾ ਪੈਗਾਮ ਹੈ ਬਾਕੀ ਅੰਗਾਂ ਦੇ ਨਾਂ :
"ਸਾਨੂੰ ਨਾ ਮਨਜ਼ੂਰ ਹੈ ਖਲੋਤੇ ਪਾਣੀ ਜਿਓਂ ਤਰਕਣਾ ਤੇ ਸੁੱਕ ਜਾਣਾ !"
ਜਵਾਰਭਾਟੇ ਤੋਂ ਪਹਿਲਾਂ ਬੜਾ ਹੁਸੀਨ ਮੌਸਮ ਸੀ :

ਪ੍ਰੇਮਕਾ ਦੇ ਚੁੰਮਣ ਜਿਹਾ
ਜਵਾਰਭਾਟੇ ਸਮੇਂ ਬੜਾ ਹੀ ਕੁਹਝਾ ਮੌਸਮ ਸੀ :
ਕਬਰਰਿਸਤਾਨ ਦੇ ਮਾਤਮੀ ਸ਼ੋਰ ਜਿਹਾ



ਉਹ ਸੰਗੀਤ ਨਿਰਦੇਸ਼ਕ ਨਹੀਂ ਮਸਖ਼ਰਾ ਹੈ
ਨਿਪੁੰਸਕ ਅਰਥਾਂ ਦਾ ਗੰਦਾ ਨਾਲਾ
ਜੋ ਪੱਛਮ 'ਚੋਂ ਇੱਕ ਨਿੱਕੀ ਜਿਹੀ ਨਾਲੀ ਬਣਕੇ ਵਗਿਆ ਸੀ
ਹੁਣ ਦਰਿਆ ਬਣਿਆ ਲੋਚਦਾ ਹੈ
ਤੁਸੀਂ ਕਿਨਾਰੇ ਤੇ ਖੜੇ ਮਸਖ਼ਰਿਓ ! ਉਸ ਵਿੱਚ ਕੁਝ ਵੀ
ਰੋੜ ਸਕਦੇ ਹੋ
ਸ਼ਹੀਦ ਵੀ ਅਤੇ ਸ਼ਹੀਦ ਦਾ ਬੁੱਤ ਵੀ
ਸਰੀਰ 'ਚ ਕਦੇ ਕਦੇ ਭੜਕਣ ਵਾਲੀ ਅੱਗ
ਅਤੇ ਸ਼ਾਂਤ ਵਗਦੇ ਪਾਣੀ ਵਰਗੇ ਅਮਨ ਦੀ ਤਮੰਨਾ ਤੋਂ ਬਿਨਾਂ
ਹਰ ਅੰਤੜੀ 'ਚ ਮੌਜੂਦ ਹਨ ਲਹੂ ਦੇ ਤੁਪਕੇ
ਪਹਾੜਾਂ 'ਚੋਂ ਨਦੀਆਂ ਵੀ ਫੁੱਟ ਸਕਦੀਆਂ ਨੇ ਤੇ ਲਾਵਾ ਵੀ
ਹਵਾ ਦਾ ਝੋਂਕਾ ਆਵੇ
ਤਾਂ ਮਹਾਂ ਨਗਰ ਦੀਆਂ ਇਮਾਰਤਾਂ ਤੇ ਲੱਗੇ ਦਿਸ਼ਾ ਸੂਚਕ
ਯੰਤਰ ਨੂੰ ਨਹੀਂ
ਮਸਲੇ ਘਾਹ ਦੀਆਂ ਪੱਤੀਆਂ ਲੈਕੇ
ਕੁੱਢੇ ਸ਼ਹਿਨਸ਼ੀਲ ਬੋਹੜ ਦੇ ਪੱਤਿਆਂ ਤੱਕ ਸਭ ਨੂੰ ਹਿਲਜੁਲ
ਦਾ ਹੱਕ ਹੈ
ਤੁਸੀਂ ਜੇ ਹਵਾ ਦਾ ਇਹ ਸੰਗੀਤ ਨਹੀਂ ਸੁਣ ਸਕਦੇ ਤਾਂ
ਕੰਨ ਪਰੇ ਰੱਖ ਦਿਓ
ਜੇ ਸੁਣਨ ਦੀ ਖਾਹਸ਼ ਜਾਗੀ ਤਾਂ ਵਾਪਸ ਲੈ ਲਿਓ ਇਸ
ਮਹਿਫ਼ਲ ਤੋਂ ਬਾਅਦ
ਹਾਲੇ ਤਾਂ ਸਾਡੀ ਮਹਿਫ਼ਲ 'ਚ ਆਉਣ ਨੂੰ ਤੁਸੀਂ ਗੁਨਾਹ
ਜਿਹਾ ਸਮਝਦੇ ਹੋ
ਜ਼ਿੰਦਗੀ, ਮੌਤ ਤੇ ਸੁਤੰਤਰਤਾ ਦੇ ਨਿੱਤ ਦੇ ਨਵੇਂ ਅਰਥ
ਬਦਲਦੇ ਹੋ
ਪਰ ਤੁਹਾਡੇ ਦੱਸੇ ਬੌਣੇ ਅਰਥ ਤਿੜਕਣੇ ਸ਼ੁਰੂ ਹੋ ਜਾਂਦੇ ਨੇ
ਤੱਤੀ ਚਾਹ ਵਾਲੇ ਸਰਦ ਗ਼ਲਾਸ ਵਾਂਗ
ਟੁੱਟ ਫੁੱਟ ਜਾਂਦੇ ਨੇ ਆਪਣੇ ਹੀ ਬੇਮੰਜ਼ਲ ਸਫ਼ਰ ਦੇ ਪੈਰਾਂ ਹੇਠ

ਜਵਾਰਭਾਟੇ ਤੋਂ ਬਾਅਦ ਫਿਰ ਓਹੀ ਮੌਸਮ ਹੈ :
ਜ਼ਿੰਦਗੀ ਦੇ ਅਣਮੁਕ ਸਫ਼ਰ ਜਿਹਾ

ਤੇ ਹੁਣ
ਜਦੋਂ ਯਾਦਾਂ ਦੇ ਦਿਸਹੱਦੇ ਨਾਲ ਟਕਰਾਕੇ ਅਜਨਬੀ ਆਵਾਜ਼ ਪਰਤੀ ਹੈ :
'ਜ਼ਿੰਦਗੀ ਇੱਕ ਸਫ਼ਰ ਹੈ ਤੇ ਸਫ਼ਰ ਇੱਕ ਜ਼ਿੰਦਗੀ'
ਚਲੋ ਯਾਰੋ ! ਆਪਣੇ ਟੁੱਟੇ ਅੰਗ ਜੋੜਕੇ ਫਿਰ ਤੁਰੀਏ
ਜਿਉਣ ਤੋਂ ਪਹਿਲਾਂ ਇਕ ਵਾਰ ਤਾ ਮਰੀਏ

ਹੁਣ ਜਦੋਂ ਸਮੁੰਦਰੀ ਛੱਲਾਂ ਪਲ ਪਲ ਥੱਲੇ ਲਹਿ ਰਹੀਆਂ ਹਨ
ਚਲੋ ਯਾਰੋ ! ਆਪਣੇ ਗੁਆਚੇ ਅੰਗ ਲੱਭਕੇ ਫਿਰ ਪਰਲੇ ਕੰਢੇ ਵਲ ਤੁਰੀਏ।





## ਅਜੇ ਤੂੰ ਮੈਨੂੰ ਖ਼ਤ ਨਾ ਲਿਖੀਂ !

ਅਜੇ ਤੂੰ ਮੈਨੂੰ ਖ਼ਤ ਨਾ ਲਿਖੀਂ...!
ਕਿੰਨੀ ਜ਼ਿੰਦਗੀ ਰੁਮਕਦੀ ਹੈ ਕਿਸੇ ਦੇ ਖ਼ਤ ਦੀ ਉਡੀਕ ਵਿੱਚ
ਕਿੰਨਾ ਮੁਸ਼ਕਿਲ ਹੈ ਆਪੇ ਨੂੰ ਜਿਬ੍ਹਾ ਕਰਕੇ
ਕਿਸੇ ਨੂੰ ਖ਼ਤ ਨਾ ਲਿਖਣ ਲਈ ਕਹਿਣਾ
ਪਰ ਫਿਰ ਵੀ...
ਅਜੇ ਤੂੰ ਮੈਨੂੰ ਖ਼ਤ ਨਾਂ ਲਿਖੀਂ...!!

ਤੇਰੇ ਖ਼ਤ ਦਾ ਵਿਸ਼ਾ ਹਨ :
ਕਪਾਹ ਦੀਆਂ ਡੋਡੀਆਂ ਜਾਂ ਅੰਬਾਂ ਦਾ ਬੂਰ
ਕਾਂ ਦਾ ਕੁਰਲੌਣਾ ਜਾਂ ਕਿਸੇ ਫੌਜੀ ਦਾ ਛੁੱਟੀ ਔਣਾ
ਅੱਖ਼ ਦਾ ਫਰਕਣਾ ਜਾਂ ਬੇਰੋਕ ਨਿੱਛਾਂ
ਅੰਤ 'ਚ ਇਹ ਕਿ ਮੈਂ ਹਾਂ ਬੇਜਵਾਬ, ਬੇਦਿਲ, ਨਿਰਮੋਹੀ...

ਤੇਰਾ ਖ਼ਤ ਪੜ੍ਹ ਪੜ੍ਹ ਮੈਨੂੰ ਜਾਪਿਆ
ਮੇਰੇ ਨਾਮ ਲਿਖਿਆ ਖ਼ਤ ਹੈ ਤੇਰਾ ਸਮੁੱਚਾ ਆਪਾ
ਮੇਰਾ ਮਨ ਪੜ੍ਹ ਪੜ੍ਹ ਮੈਨੂੰ ਜਾਪਿਆ
ਤੇਰੇ ਖ਼ਤ ਦਾ ਜਵਾਬ ਹੈ ਮੇਰਾ ਸਮੁੱਚਾ ਆਪਾ
ਜੋ ਅਗਲੇ ਹੀ ਪਲ ਸਵਾਲਾਂ 'ਚ ਘਿਰ ਜਾਂਦਾ ਹੈ :

ਤੂੰ ਕਦੇ ਨਹੀਂ ਲਿਖਣੀ—
ਖੇਤਾਂ 'ਚ ਸਿਲਾ ਚੁਗਦੇ ਅਧਨੰਗੇ ਪਿੰਡੇ ਤੇ ਸਹਾਰੀ ਤਪਸ਼...
ਹਵੇਲੀ ਸੁੰਬਰਦਿਆਂ ਸਵੇਰ ਦੀ ਮਹਿਕ 'ਚ
ਰਲੀ ਗੰਦਗੀ ਦੀ ਬਦਬੋ...
ਹੜ੍ਹਤਾਲੀਏ ਬਾਪੂ ਨੂੰ ਮਿੱਲ 'ਚੋਂ ਕੱਢ ਜੇਲ੍ਹ ਭੇਜਣ ਦੀ ਧਮਕੀ...

ਤੂੰ ਕਦੇ ਨਹੀਂ ਲਿਖਣਾ—
ਕੱਚ ਦੀਆਂ ਵੰਗਾਂ ਨਾਲ ਹੋਇਆ ਲੋਹ-ਕੜਿਆਂ ਦਾ ਜਬਰ...



ਬਿਨ-ਫੀਸੋਂ ਸਕੂਲੋਂ ਕੱਢੇ ਜਾਣ ਤੇ
ਨਿੱਕੇ ਦੀਆਂ ਅੱਖਾਂ 'ਚ ਤਰਦਾ ਸਮੁੰਦਰ
ਪਰ ਅਣਲਿਖੇ ਸ਼ਬਦ ਵੀ ਤਾਂ ਸਾਡੇ ਹੀ ਦਿਲ ਦਾ ਹਿੱਸਾ ਹੁੰਦੇ ਨੇ
ਜੋ ਬੋਲ ਪੈਂਦੇ ਨੇ ਬਿਨ-ਬੁਲਾਇਆਂ
ਵਿਛੜੇ ਦਰਦੀ ਦੇ ਸਨਮੁਖ...

ਮੇਰਾ ਨਿਰਮੋਹ ਤੇਰੇ ਖ਼ਤ 'ਚੋਂ ਆਪਣਾ ਜਵਾਬ ਢੂੰਡਦਾ ਹੈ
ਜੋ ਗੁੰਮਿਐ ਸਕੂਲਾਂ, ਫੀਸਾਂ, ਮਿੱਲਾਂ, ਧਮਕੀਆਂ ਤੇ ਹੜ੍ਹਤਾਲਾਂ 'ਚ,
ਫੌਜ, ਜੇਲ੍ਹ, ਖੇਤਾਂ, ਹਵੇਲੀਆਂ ਤੇ ਵੰਗਾਂ 'ਚ...

ਤੇ ਹਾਂ, ਸੁਣ : ਮੈਂ ਬੇਜਵਾਬ ਨਹੀਂ
ਅਣਲਿਖੇ ਖ਼ਤ ਵੀ ਬੜੇ ਅਹਿਮ ਖ਼ਤ ਹੁੰਦੇ ਹਨ
ਤੂੰ ਮੇਰੇ ਖ਼ਤ ਦੀ ਉਡੀਕ ਕਰੀਂ
ਅਗਲਾ ਖ਼ਤ ਮੈਂ ਤੈਨੂੰ ਲਿਖਾਂਗਾ...
ਅਜੇ ਤੂੰ ਮੈਨੂੰ ਖ਼ਤ ਨਾ ਲਿਖੀਂ ... ... ... ...!!





## ਪਿਆਰ

ਜਦੋਂ ਇਕ ਕੁੜੀ ਨੇ ਉਸਨੂੰ ਕਿਹਾ ਮੈਂ ਤੈਨੂੰ ਪਿਆਰ ਕਰਦੀ ਹਾਂ
ਉਸਨੇ ਆਪਣੀਆਂ ਉਦਾਸ ਝਿਮਣੀਆਂ ਉਪਰ ਉਠਾਕੇ ਵੇਖਿਆ
ਜਿਵੇਂ ਉਹ ਹਰ ਵਸਤੂ ਨੂੰ ਅਜਨਬੀ ਕੋਨ ਤੋਂ ਵੇਖਦਾ ਹੈ ਅੱਜਕਲ
ਜਾਂ ਵਿਸ਼ਵ-ਵਿਦਿਆਲੇ ਦੀ ਸੱਤਵੀਂ ਮੰਜ਼ਲ ਤੋਂ
ਕਿਸੇ ਪਰਬਤ ਦੀ ਚੋਟੀ, ਆਕਾਸ਼ ਤੇ ਸਮੁੰਦਰ ਨੂੰ
ਵੇਖਦਿਆਂ ਹੋਇਆਂ ਵੀ ਉਹ ਵੇਖ ਨਹੀਂ ਰਿਹਾ ਹੁੰਦਾ

ਕਿਸੇ ਮਹਿਫ਼ਲ 'ਚ ਜਾਣ ਤੋਂ ਪਹਿਲਾਂ
ਆਪਣੀ ਉਦਾਸੀ ਸੱਤ ਬੂਹਿਆਂ ਵਾਲੀ ਗੁਫ਼ਾ 'ਚ ਬੰਦ ਕਰ ਦਿੰਦਾ ਹੈ
ਕੋਈ ਉਸਨੂੰ ਮਸਤ ਮਲੰਗ ਹਸੰਦੜ ਕਹਿੰਦਾ ਹੈ
ਕੋਈ ਕੋਹੜਾ ਰੁੱਖਾ ਅਭਿਮਾਨੀ ਜਾਂ ਕੁਝ ਹੋਰ
ਸਭ ਕੁਝ ਨੂੰ ਚਿਥਦਾ ਜਦੋਂ ਘਰ ਪਰਤਦਾ ਹੈ
ਵਿਸ਼ਾਲ ਦੁਨੀਆਂ ਸਿਮਟ ਜਾਂਦੀ ਹੈ :
ਸਾਗਰ — ਪਾਣੀ ਦਾ ਗਲਾਸ
ਆਕਾਸ਼ — ਉਹਦੇ ਕਮਰੇ ਦੀ ਛੱਤ
ਤੇ ਸੂਰਜ — ਨੰਨਾ ਬੱਲਬ

ਉਹ ਆਪਣੇ ਆਪ ਨੂੰ ਘੁੱਟਕੇ ਜੱਫੀ ਪਾਕੇ ਮਿਲਦਾ ਹੈ
ਅਤੇ 'ਪਿਆਰ' ਦੇ ਅਰਥ ਲੱਭਣ ਲਗਦਾ ਹੈ !



# ਸੁਰਦੇਵ ਜਟਾਣਾ

## ਇਸ਼ਕ-ਮੁਸ਼ਕ

ਇਸ਼ਕ-ਮੁਸ਼ਕ ਦੇ ਕਿੱਸੇ ਛਡਕੇ,
ਗੱਲ ਨਵੀਂ ਕੋਈ ਛੋਹੀਏ ਯਾਰੋ!

ਹੋ ਚੁੱਕੀ ਤੇ ਮਿੱਟੀ ਪਾਈਏ,
ਅੱਜ ਦੇ ਰੋਣੇ ਰੋਈਏ ਯਾਰੋ!

'ਇਸ਼ਕ-ਮੁਸ਼ਕ' ਕੋਈ ਮਸਲਾ ਤਾਂ ਨਹੀਂ,
ਇਹ ਤਾਂ ਚੋਜ ਅਮੀਰੀ ਵਾਲਾ।

ਆਓ ! ਪਹਿਲਾਂ 'ਰੋਟੀ' ਜਿੱਤੀਏ,
ਬਹੁਤ ਫੇਰ ਲਈ ਹੁਣ ਤੱਕ ਮਾਲਾ।

ਸਮੇਂ ਦੀਆਂ ਲਲਕਾਰਾਂ ਸੁਣੀਏਂ,
ਪਾਈਏ ਮੰਜ਼ਲ ਹਿੰਮਤ ਕਰਕੇ।

ਵਿਹਲੇ ਹੋ ਕੁਝ ਹੋਰ ਕਰਾਂਗੇ,
ਜਦੋਂ ਖਾਣਗੇ ਸਭ ਢਿੱਡ ਭਰਕੇ!





## ਯਾਰ ਨੂੰ

ਆ ਯਾਰ ! ਦੋ ਗੱਲਾਂ ਕਰੀਏ
ਬਹਿਕੇ ਦਿਲ ਦੇ ਦੁਖੜੇ ਰੋਈਏ।
ਆਪਣੇ ਅੰਦਰ ਝਾਤ ਮਾਰੀਏ
ਤੇ ਜ਼ਮੀਰ ਦੇ ਸਨਮੁਖ ਹੋਈਏ।

ਨਾ ਤੇਰਾ ਕੋਈ ਸਾਥੀ ਦਿਸਦਾ
ਨਾ ਮੈਨੂੰ ਕੋਈ ਚਾਹੁਣ ਵਾਲਾ।
ਤੂੰ ਵੀ ਮੈਥੋਂ ਭੇਤ ਲਕੋਵੇਂ
ਮੈਂ ਵੀ ਮੂੰਹ ਨੂੰ ਲਾਇਆ ਤਾਲਾ।

ਜੇ ਤੂੰ ਮੇਰੇ ਵਾਂਗੂੰ ਮਿੱਤਰਾ
ਨਾਲ ਮੌਤ ਦੇ ਲੜਕੇ ਮਰਨਾ
ਤਾਂ ਮੈਂ ਤੇਰਾ ਸਾਥ ਦਿਆਂਗਾ
ਤੂੰ ਵੀ ਇਸ ਰਾਹ ਪੈਰ ਜੇ ਧਰਨਾ।

ਮੈਂ ਅਣਹੋਣੀ ਮੌਤ ਵਿਆਹੁਣੀ
ਤੂੰ ਬਣਕੇ ਸਰਬਾਲਾ ਆਵੀਂ
ਜੇ ਤੂੰ ਅਜੇ ਵੀ ਮਰਨੋਂ ਡਰਦਾ
'ਦੇਵ' ਦਾ ਨਾਮ ਨਾ ਮੂੰਹ ਤੇ ਲਿਆਵੀਂ।



## ਸਰਵਣ ਬੋਲ

### ਕਿਸ ਦੀ ਗੱਲ ਕਰਦੇ ਹੋ ?

ਤੁਸੀਂ ਕਿਸ ਧਰਤੀ ਦੀ ਗੱਲ ਕਰਦੇ ਹੋ ?
ਜਿਸ ਨੂੰ ਸੋਨੇ ਦੀ ਚਿੜੀ ਕਹਿੰਦੇ ਆਏ ਹੋ ?
ਜਾਂ ਜਿਥੇ ਢੋਂਗੀਆਂ ਦੀਆਂ ਰਗਾਂ ਵਿਚ
ਗਲ ਕਰਦਿਆਂ ਧਰਮ ਫੈਲਦਾ ਹੈ ?
ਜਾਂ ਫਿਰ ਜਿਸਨੂੰ ਦੁਨੀਆਂ ਦੀ
ਸਭ ਤੋਂ ਵੱਡੀ ਜਮਹੂਰੀਅਤ ਦੱਸਦੇ ਹਨ ?
ਆਓ ਬੈਠਕੇ ਗੱਲ ਕਰੀਏ
ਸ਼ਾਇਦ ਆਪਾਂ ਇਕੋ ਹੀ ਮੁਲਕ ਦੀ ਗੱਲ ਕਰਦੇ ਹਾਂ।
ਮੈਂ ਤਾਂ ਗੱਲ ਕਰਦਾ ਹਾਂ
ਉਸ ਮੁਲਕ ਦੀ
ਜਿਸ ਨੂੰ ਸੋਨੇ ਦੀ ਚਿੜੀ ਦਰਸਾ ਕੇ
ਲੋਟੂ ਜਮਾਤ ਨੇ
ਸਾਨੂੰ ਸੋਨੇ ਦੀ ਝਲਕ ਵਿਚ ਅੰਨਾ ਕਰ ਦਿੱਤਾ
ਜੋ ਅੰਨ੍ਹੇ ਹਵਸੀ ਮਹਾਰਾਜਿਆਂ ਦਾ ਨਹੀਂ
ਕਿਰਤੀਆਂ ਦਾ ਮੁਲਕ ਹੈ
ਜਿਹਨਾਂ ਦੀਆਂ ਰਗਾਂ ਵਿਚ ਪਾਖੰਡੀ ਧਰਮ ਨਹੀਂ
ਕਿਰਤ ਦਾ ਖੂਨ ਉਬਲਦਾ ਹੈ।
ਤੁਸੀਂ ਸ਼ਾਇਦ "ਟੀਟੂ", "ਸ਼ੈਰੀ" ਜਾਂ "ਸ਼ੈਂਧੇਨ"
ਦੀ ਗੱਲ ਕਰਦੇ ਹੋ
ਜਿਹਨਾਂ ਜੰਮਦਿਆਂ ਹੀ ਸੋਨੇ ਦੇ ਚਮਚਿਆਂ
ਵਿਚ ਦੁੱਧ ਪੀਤਾ ਹੈ ਤੇ
ਤੁਸੀਂ ਲਹੂ ਪੀਣੇ ਕਾਤਲਾਂ ਦੇ ਮੂੰਹਾਂ ਤੇ ਚਿਲਕਦੀ
ਲਾਲੀ ਦੀ ਗੱਲ ਕਰਦੇ ਹੋ
ਜੋ ਮਜ਼ਦੂਰਾਂ ਦੇ ਗਾੜ੍ਹੇ ਖੂਨ ਪਸੀਨੇ ਦੇ ਨਿਸ਼ਾਨ ਹਨ।



ਤੁਸੀਂ ਉਸ ਧਰਤੀ ਤੇ ਉਸਰੇ
ਤਾਜ ਮਹੱਲਾਂ ਦੀ ਗੱਲ ਕਰਦੇ ਹੋ
ਜੋ ਮਜ਼ਦੂਰਾਂ ਦੇ ਜਿਉਂਦੇ ਜਿਸਮਾਂ
ਉਪਰ ਉਸਰੇ ਹਨ।

ਮੈਂ ਤਾਂ ਭਗਤੂ, ਬੀਰੂ ਤੇ ਰੱਖੀ ਦੀ
ਗੱਲ ਕਰਦਾ ਹਾਂ
ਜੋ ਠੰਡੀਆਂ ਸੜਕਾਂ ਤੇ ਡਿੱਗੇ ਵੀ
ਅੰਦਰੂਨੀ ਨਿੱਘ ਮਾਣਦੇ ਹਨ।
ਜਿਹਨਾਂ ਮਾਂ ਦੀਆਂ ਸੁੱਕੀਆਂ
ਦੁੱਧੀਆਂ ਚੋਂ ਸਬਰ ਪੀਤਾ ਹੈ ਤੇ
ਨੰਗੇ ਪਿੰਡੇ ਭੁੱਖੀਆਂ ਆਂਦਰਾਂ ਚੋਂ
ਸ਼ੇਰ ਦੀਆਂ ਬੜਕਾਂ ਮਾਰੀਆਂ
ਤੁਸੀਂ ਅਜ਼ਾਦੀ ਦੀ
ਗੱਲ ਕਰਦੇ ਹੋ
ਮੈਂ ਅਜ਼ਾਦੀ ਵਿਚ ਮਿਲੀ ਨਵੀਂ
ਬਰਬਾਦੀ ਦੀ ਗੱਲ ਕਰਦਾ ਹਾਂ।
ਮੈਂ ਗੱਲ ਕਰਦਾ ਹਾਂ ਉਹਨਾਂ ਦੀ
ਜੋ ਹੱਕਾਂ ਦੀ ਰਾਖੀ ਲਈ ਜੂਝਦੇ
ਜੇਲ੍ਹਾਂ ਵਿਚ ਸੜ ਰਹੇ
ਸ਼ਰੇ ਬਜ਼ਾਰ ਕਤਲ ਹੋ ਰਹੇ ਹਨ।

ਗੱਲ ਤਾਂ ਸ਼ਾਇਦ ਆਪਾਂ
ਇਕੋ ਹੀ ਮੁਲਕ ਦੀ ਕਰਦੇ ਹਾਂ
ਤੁਸੀਂ ਉਹਨਾਂ ਦੀ ਕਰਦੇ ਹੋ
ਜੋ ਖੂਨ ਚੂਸਦੇ ਹਨ।
ਮੈਂ ਉਹਨਾਂ ਦੀ ਕਰਦਾ ਹਾਂ
ਜਿਹਨਾਂ ਦਾ ਖੂਨ ਚੂਸਿਆ ਜਾਂਦਾ ਹੈ।

## ਤਸਵੀਰਾਂ

ਵਿਸ਼ਵ-ਵਿਦਿਆਲੇ ਦੀ ਪਰਦਰਸ਼ਨੀ ਵਿੱਚ
ਆਪਣੇ ਵਤਨ ਦੇ ਲੋਕਾਂ ਦੀਆਂ
'ਅਸਲੀ ਲੋਕਾਂ' ਦੀਆਂ ਤਸਵੀਰਾਂ ਵੇਖੀਆਂ
ਇਕ ਇਕ ਤਸਵੀਰ ਪੁੱਠੇ ਥੱਪੜ ਵਾਂਗ
ਮੇਰੇ ਮੂੰਹ ਤੇ ਵੱਜੀ
ਧੌਣੋ ਫੜ ਝੰਜੋੜ ਜਗਾਇਆ ਮੈਨੂੰ ਨੀਦੋਂ ਉਸ
ਸਿਖਰ ਦੁਪਹਿਰੇ ਜੋ ਮੈਂ ਆਪਣੇ ਉੱਤੇ
ਜਾਣ ਬੁਝਕੇ ਓੜ ਲਈ ਸੀ।

ਵੇਖਕੇ ਤਸਵੀਰਾਂ ਵਿੱਚ ਝੌਂਪੜੀਆਂ ਤੇ ਸੁੱਕੇ ਪਿੰਜਰ :
ਪਗਡੰਡੀਆਂ ਤੇ ਵਿਲਕ ਰਹੀ ਸਾਡੀ ਅਸਲੀ ਸੱਭਿਅਤਾ
ਮੈਨੂੰ ਫਿਰ ਆਪਣਾ ਬਚਪਨ ਯਾਦ ਆਇਆ।
ਮਿੱਟੀ ਦੀਆਂ ਕੰਧਾਂ ਤੇ ਕਾਹੀ ਦੀ ਛੱਤ ਵਾਲਾ ਮੇਰਾ ਕਮਰਾ
ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਾ
ਬੇਨੀਂਦੀਆਂ ਬੇਚੈਨ ਰਾਤਾਂ ਨੂੰ
ਧੂੰਏਂ ਨਾਲ ਕਾਲੇ ਵਿੰਗ-ਤੜਿੰਗੇ ਬਾਲੇ ਗਿਣਨਾ —
ਬਾਲਿਆਂ ਵਿੱਚ ਰੁੱਝੇ ਹੋਏ ਘੁੱਣ ਦੀ ਆਵਾਜ਼ ਦਾ
ਮੇਰੇ ਭੁੱਖੇ ਪੇਟ ਦੀ ਆਵਾਜ਼ ਨਾਲ ਮਿਲ ਜਾਣਾ —
ਮੇਰੀ ਭੁੱਖ ਦਾ ਹੋਰ ਵੀ ਤੇਜ਼ ਹੋ ਜਾਣਾ
ਤੇ ਘੰਟਿਆਂ-ਬੱਧੀ ਬੇਅੰਤ ਸਵਾਲਾਂ ਦਾ ਦਿਮਾਗ ਵਿਚ ਵਿਚਰਨਾ —
ਸਭ ਯਾਦ ਆਇਆ।

ਉਹ ਸਵਾਲ ਅੱਜ ਵੀ ਮੇਰੇ ਮਸਤਕ ਤੇ ਭਾਰੂ ਨੇ :
ਮੇਰੀ ਹੋਂਦ ਦਾ ਮਕਸਦ ਕੀ ਹੈ ?
ਪਗਡੰਡੀਆਂ ਤੇ ਵਿਲਕਦੀਆਂ ਜਿਉਂਦੀਆਂ ਲੋਥਾਂ ਕਿਉਂ ?
ਚੁਬਾਰਿਆਂ ਵਿੱਚ ਧੁੱਪ ਮਾਣਦੀਆਂ ਡਾਕੂ-ਅੱਖਾਂ ਕਿਉਂ ?
ਇਹ ਸਵਾਲ ਮਨ ਦੇ ਹਨ, ਤਨ ਦੇ ਜਾਂ ਧਨ ਦੇ



... ... ... ... ...

ਪਾੜ ਦੇਵੋ ਇਹ ਤਸਵੀਰਾਂ

... ... ... ... ...

ਨਹੀਂ ... ...
ਤਸਵੀਰਾਂ ਪਾੜ ਦੇਣ ਨਾਲ ਕੀ ਮਿਟ ਜਾਵੇਗਾ
ਮੇਰੇ ਮੱਥੇ ਤੇ ਲੱਗਿਆ
ਭਾਰਤ ਦੀ 'ਅਸਲੀ ਸੱਭਿਅਤਾ' ਦਾ ਟਿੱਕਾ ?

# ਹਰਦੇਵ ਵੜੈਚ

## ਇਨਸਾਫ਼

ਨਿਪੱਤੇ ਬ੍ਰਿਖ ਹੇਠਾਂ
ਕੁਝ ਦੇਰ ਤਾਂ ਬਹਿ ਲੈਣ ਦੇ ।
ਦੋ ਪਲ ਸਾਂਝਾਂ ਦੇ ਬੋਲ
ਬ੍ਰਿਖ ਸੰਗ ਖਹਿ ਲੈਣ ਦੇ ।
ਪੀੜਾ ਇਹਦੀ ਸੁਣ ਲੈਣ ਦੇ
ਪੀੜਾ ਆਪਣੀ ਕਹਿ ਲੈਣ ਦੇ ।

ਔੜਾਂ, ਲੋਆਂ, ਕੋਰਿਆਂ ਦੇ ਮਾਰੇ,
ਪੱਤਝੜ, ਤੂਫ਼ਾਨਾਂ, ਝੱਖੜਾਂ ਦੇ ਝਾੜੇ,
ਪਾਨ ਦੇ ਪੱਤਿਆਂ ਦੀ ਸ਼ਕਲ ਵਰਗੇ ਪੱਤੇ
ਧਰਤ ਤੇ ਬਿਖਰੇ ਪਏ ਨੇ
ਜੀਕਣ ਕਿਸੇ ਰਣ ਖੇਤਰ ਵਿੱਚ
ਅਣਗਿਣਤ ਲਾਸ਼ਾਂ ਪਈਆਂ ਨੇ
ਤੇ ਇਹ ਵਿਗੜੀਆਂ ਲਾਸ਼ਾਂ,
ਗਰਦਸ਼ ਨੇ ਢੱਕ ਲਈਆਂ ਨੇ ।

ਬ੍ਰਿਖ ਤੋਂ ਕੁਝ ਦੂਰ
ਅਣਗਿਣਤ ਪਿੰਜਰ ਪਏ ਨੇ
ਆਦਮ ਦੇ ਪੁੱਤਰਾਂ ਦੇ ਕੋਹ ਕੋਹ ਕੇ ਮਾਰੇ
ਆਦਮ ਦੇ ਪਿੰਜਰ ਪਏ ਨੇ !
ਜੀਕਣ ਉਜਾੜ ਬੀਆਬਾਨ ਵਿੱਚ
ਅਣਗਿਣਤ ਪੱਥਰ, ਅਣਗਿਣਤ ਖਿੰਘਰ ਪਏ ਨੇ ।

ਕਿਸੇ ਨਾ ਸੋਚਿਆ ਆਖਰ
ਕਿ ਕੀ ਸਨ ਮੰਗਦੇ ਇਨਸਾਨ
ਜੋਬਨ ਆਪਣੇ ਕੀਕਣ
ਹਨ ਛਿੱਕੇ ਟੰਗਦੇ ਇਨਸਾਨ



ਹੱਸ ਹੱਸ ਕਿਓਂ ਰੱਸੇ ਫਾਸੀਂ ਦੇ ਚੁੰਮਦੇ
ਅਜੀਬ ਝੂਲੇ ਝੂਲਦੇ ਨੇ ਕਿਓਂ ਨੌਜਵਾਨ ।
ਸ਼ਾਇਦ ਇਹ ਸੋਚ ਨਹੀਂ ਸਕਿਆ ਸ਼ੈਤਾਨ ।
ਸ਼ਾਇਦ ਇਹ ਸਮਝ ਨਹੀਂ ਸਕਿਆ ਹੈਵਾਨ ।

ਜ਼ਾਲਮ ਦੇ ਬਹਾਦਰ ਯੋਧੇ
ਜਦ ਹਾਰ ਵਰਗੀ ਜਿੱਤ ਪਾ ਕੇ
ਖੁਸ਼ੀ ਖੁਸ਼ੀ ਘਰਾਂ ਨੂੰ ਆਏ ਹੋਣਗੇ
ਤਾਂ ਰਸਤਿਆਂ ਵਿੱਚ ਖਿਲਰੇ
ਆਦਮ ਦੇ ਪਿੰਜਰਾਂ ਨੂੰ ਉਨ੍ਹਾਂ
ਵੈਰੀ ਦੇ ਪਿੰਜਰ ਜਾਣ ਕੇ
ਨਫ਼ਰਤ ਵਿਚ ਠੇਡੇ ਲਾਏ ਹੋਣਗੇ

ਰੌਣਕ ਭਰੀ, ਰੰਗਲੀ ਬਸਤੀ ਵਿਚ
ਵੱਡਾ ਦਰਬਾਰ ਲੱਗਿਆ ਹੋਵੇਗਾ
ਲੁੱਟੀ ਦੌਲਤ ਸੰਗ ਹਰ ਗਲੀ
ਹਰ ਬਜ਼ਾਰ ਸਜਿਆ ਹੋਵੇਗਾ
'ਜਨਰਲ ਓਡਵਾਇਰ' ਦੇ ਪੈਰੋਕਾਰਾਂ ਨੇ
ਬੜੇ ਹੀ ਫ਼ਖ਼ਰ ਨਾਲ
ਆਪਣੀ ਆਪਣੀ ਸੁਰ
ਨਗਮੇ ਸੁਨਾਏ ਹੋਣਗੇ
ਤੇ ਉਨ੍ਹਾਂ ਦੀਆਂ ਮਨਹੂਸ ਹਿੱਕਾਂ ਤੇ
ਕਿਸੇ ਮ੍ਰਿਗ ਨੈਣੀ ਨੇ ਤਗਮੇ ਸਜਾਏ ਹੋਣਗੇ

ਰੌਣਕ ਭਰੀ ਬਸਤੀ ਤੋਂ ਦੂਰ,
ਤਾਕਤ ਦੇ ਨਸ਼ੇ ਦੀ ਮਸਤੀ ਤੋਂ ਦੂਰ
ਨਿਪੱਤੇ ਬ੍ਰਿਖ ਲਾਗੇ
ਨਿਪੱਤੇ ਬ੍ਰਿਖ ਵਰਗੇ
ਨਿਪੁੱਤੇ ਲੋਕ ਰਹਿੰਦੇ ਨੇ
ਇਸ ਦੇ ਪੱਤਝੜ ਚੁੱਕੇ

ਉਨ੍ਹਾਂ ਦੇ ਪੁੱਤ ਮਰ ਚੁੱਕੇ
ਇਸ ਦੇ ਪੱਤ ਲਾਥਾਂ ਨੇ
ਉਨ੍ਹਾਂ ਦੇ ਪੁੱਤ ਪਿੰਜਰ ਨੇ

ਸਮੇਂ ਨੇ ਡੋਰ ਜਦ ਸੰਭਲੀਂ
ਜੁਆਨਾਂ ਹੋਸ਼ ਜਦ ਪਕੜੀ
ਉਦਾਸੀ ਬਸਤੀਓ ਲੱਕ ਬੰਨ ਕੇ,
ਫਿਰ ਤੁਰਨਗੇ ਰਾਹੀਂ !
ਤਾ ਬਸਤੀ ਰੰਗਲੀ ਦੇ
ਕੁਸ਼ ਕੁਸ਼ ਕੇ ਮਰਨਗੇ ਮਾਹੀ
ਖਾ ਖਾ ਕੇ ਬਰੂਦੀ ਗੁਲੇਲੇ
ਡਿੱਗਣਗੇ ਜਦ ਫਸਲੀ ਬਟੇਰੇ
ਸੱਚ ਸੱਚ ਤੇ ਝੂਠ ਝੂਠ ਦੇ
ਤੱਦ ਹੀ ਹੋਣ ਨਿਬੇੜੇ !
ਭਾਲਿਆਂ ਨਹੀਂ ਲੱਭਣਗੇ
ਇਹ ਅਖਾਉਤੀ ਯੋਧੇ
ਮਜ਼ਾ ਤਾਂ ਆਏਗਾ ਹੀ
ਜਦ ਪਿੰਜਰ ਬਨਣਗੇ ਸ਼ੋਹਦੇ।
ਰੰਗਲੀ ਬਸਤੀਓ ਅਵਾਜ਼ ਆਉਣੀ
ਜਦ ਚੂੜੇ ਭਜਣ ਦੀ
ਕਿਸੇ ਨੂੰ ਹੋਸ਼ ਕਦ ਹੋਣੀ
ਮਦਹੋਸ਼ ਅੰਗ ਕੱਜਣ ਦੀ

ਬਦਲਾ ਖ਼ੂਨ ਦਾ ਜਦ
ਖ਼ੂਨ ਵਿਚ ਹੀ ਚੁੱਕ ਜਾਵੇਗਾ
ਭੁਲੇਖਾ ਆਦਮ ਦੇ ਪੁੱਤਰਾਂ
ਦਾ ਉਠ ਜਾਵੇਗਾ
ਜ਼ੁਲਮ ਦੇ ਬੱਦਲਾਂ ਤੋਂ
ਸਾਫ ਜਦ ਅਕਾਸ਼ ਹੋਵੇਗਾ



ਅਸਲੀ ਮਾਹਨਿਆਂ ਵਿੱਚ
ਫਿਰ ਹੀ ਇਨਸਾਫ ਹੋਵੇਗਾ।
ਫੁੱਟ ਆਉਣਗੇ ਅਣਗਿਣਤ ਪੱਠੇ
ਬ੍ਰਿਖ ਤੇ ਹਰ ਟਹਿਣ ਤੇ
ਆ ਹੀ ਜਾਣੇ ਨੇ ਉਹ ਪਲ
ਜਦ ਉਦਾਸੀ ਬਸਤੀ ਦੇ ਵਾਸੀ
ਇਕ ਸੀਤਲ ਜਿਹੀ ਛਾਵੇਂ ਬਹਿਣਗੇ
ਆਵੇਗੀ ਰੁੱਤ ਮਹਿਕਣ ਦੀ
ਇਸ ਨਿਪੱਤੇ ਰੁੱਖੜੇ ਤੇ
ਛਾਵੇਗੀ ਖ਼ੁਸ਼ੀ ਦੀ ਲਾਲੀ
ਨੌਜਆਨਾਂ ਦੇ ਚਿਹਰਿਆਂ ਤੇ
ਹਰ ਬੱਚੇ, ਬ੍ਰਿਧ ਦੇ ਮੁਖੜੇ ਤੇ।

## ਸ਼ਹੀਦ ਦਾ ਬੁੱਤ

ਬੁੱਤਾਂ ਦੀ ਬਸਤੀ ਦੇ ਮਾਲਕ
ਬੁੱਤ ਸਤਿਕਾਰਨ ਪਹੁੰਚ ਰਹੇ
ਕੁਝ ਘੜੀਆਂ ਤੋਂ ਲੋਕ ਵਿਚਾਰੇ
ਵਿੱਚ ਕਤਾਰਾਂ ਬੱਝੇ
ਹੱਥੀ ਹਾਰ ਕਾਗਜ਼ੀ ਫੜਕੇ
ਰੱਸਤਾ ਤਕਦੇ ਥੱਕ ਗਏ ਨੇ

ਆ ਪੁੱਜੀਆਂ ਕਾਰਾਂ ਹੀ ਕਾਰਾਂ
ਵੱਡ ਪ੍ਰਾਹੁਣੇ ਉਤਰ ਆਏ
ਉਤਰ ਆਈਆਂ
ਨਖ਼ਰੇ ਭਰੀਆਂ ਨਕਲੀ ਨਾਰਾਂ।
"ਚਲੋ, ਚਲੋ ! ਕੁਝ ਸੱਜਣ ਜਾਓ,

ਆਏ ਪੱਤਵੰਤੇ ਸੱਜਣਾ ਗਲ
ਹਾਰ ਪਾ ਆਓ !''
''ਆਉ ਜੀ ਹੁਣ ਬੁੱਤ ਵੱਲ ਚੱਲੀਏ
ਬੁੱਤ ਨੂੰ ਹਾਰ ਪਾਉਣ ਤੋਂ ਪਿਛੋਂ
ਆਪਣੇ ਆਪਣੇ ਗੱਦੇ ਮੱਲੀਏ ।''
''ਕੋਟਿਆਂ ਬਾਰੇ ਗੱਲ ਕਰਦੇ ਆਂ
ਕਰਦੇ ਆਂ ਜੀ ਗੱਲ ਕਰਦੇ ਆਂ
ਤੁਸੀਂ ਜੋ ਸਾਡੇ ਲਈ ਮਰਦੇ ਓ
ਅਸੀਂ ਤੁਹਾਡੇ ਲਈ ਮਰਦੇ ਆਂ ।''
''ਇਹ ਕੋਈ ਯਾਦਗਰੀ ਦਾ ਦਿਨ ਹੈ ?
ਇਹ ਕਿਸ ਦੀ ਪੂਜਾ ਦਾ ਦਿਨ ਹੈ ?''
''ਹਟ ਕੇ ਬਹਿ ਓਏ ਬੁਢਿਆ ਬਾਬਾ ।
ਹਰ ਵਾਰੀ ਤੂੰ ਅੱਗੇ ਰੱਖਦੈਂ ਆਪਣਾ ਛਾਬਾ !''
''ਤੇ ਹੱਡੀਆਂ ਦਾ ਪਿੰਜਰ ਬਾਬਾ
ਬੁਝੀਆਂ ਅੱਖਾਂ ਚੌੜੀਆਂ ਕਰਦਾ
ਕੁਰਬਾਨੀ ਦੇ ਸੋਹਲੇ ਗਾਉਂਦਾ
ਅੱਖਾਂ ਭਰਦਾ, ਹਿੰਮਤ ਕਰਦਾ
ਕਾਲੇ ਦੁੱਖ ਨੂੰ ਜਰਦਾ ਜਰਦਾ
ਕੰਬਦੀ ਬਾਂਹ ਬੁੱਤ ਵੱਲ ਉਲਾਰੀ
ਲਾਗਲਿਆਂ ਨੂੰ ਦੱਸ ਰਿਹਾ ਹੈ —
''ਇਹ ਬੁੱਤ ਮੇਰੇ ਪੁੱਤ ਘੜਿਆ ਸੀ
ਇਹ ਬੁੱਤ ਮੇਰੇ ਪੁੱਤ ਵਰਗਾ ਹੈ
ਮੇਰਾ ਪੁੱਤ ਇਸ ਬੁੱਤ ਵਰਗਾ ਸੀ !''



## ਹਰਜਿੰਦਰ ਰਾਣਾ

### ਚਾਰ ਖੂੰਜੇ

ਪਹਿਲਾ ਖੂੰਜਾ

ਸੰਭਲ ਸੰਭਲ ਕੇ ਜਾਗੀਆਂ ਸੱਧਰਾਂ ਅਤੇ ਫਿਰ ਬਲ ਪਏ
ਕੁਝ ਬਨਣ ਦੀ ਬੁਨਿਆਦ ਤੇ, ਆਸਾਂ ਦੇ ਦੀਵੇ
ਦੂਰ ਦੁਮੇਲ ਦੇ ਡੁੱਬਦੇ ਸੂਰਜ ਦੀ ਲਾਲੀ ਦੇਖ
ਸੋਚਾਂ, ਕਿਓਂ ਨਾ ਕੋਈ ਮਰ ਮਰਕੇ ਜੀਵੇ !!

ਦੂਜਾ ਖੂੰਜਾ

ਅਰਥਾਂ ਨੇ ਸਵਾਲ ਕੀਤੇ ਚੁੱਕਕੇ ਬਾਰ ਬਾਰ ਸਿਰ
ਪਰ ਹਰ ਥਾਂ ਕੋਈ ਰਸਮ ਬਣੀ ਇਕ ਜੰਜੀਰ
ਖਿਆਲਾਂ ਦੇ ਜ਼ਖਮਾਂ ਤੇ ਸਮਝ ਵਾਲੀ ਮਲਮ ਦਾ ਇਲਾਜ
ਬਣ ਬਣ ਕੇ ਵਿਗੜੀ ਮੇਰੇ ਅਰਥਾਂ ਦੀ ਤਕਦੀਰ !!

ਤੀਜਾ ਖੂੰਜਾ

ਸਿਆਣਪ ਹਾਰ ਗਈ, ਹਾਸਿਆਂ ਦੀ ਮੌਤ ਤੇ ਜਦ
ਜੱਗ ਦੀਆਂ ਉੱਚੀਆਂ ਸ਼ੋਹਰਤਾਂ ਵਾਲੇ ਹੱਸੇ
ਹੋਇਆ ਆਪਣੀ ਹੋਂਦ ਤੋਂ ਆਪ ਇਨਕਾਰ
ਨਾ ਰਿਹਾ ਨਿਸ਼ਾਨ ਕੋਈ ਇਰਾਦੇ ਬੇ ਦਿੱਲ ਹੋ ਨੱਸੇ !!

ਚੌਥਾ ਖੂੰਜਾ

ਖੁਸ਼ੀਆਂ ਦੇ ਗੱਲ ਤੇ ਆਏ ਸਾਰੇ ਹੰਝੂ
ਬੇਵੱਸ ਹੋ ਕੇ ਆਪ ਹੀ ਗਏ ਪੂੰਝੇ
ਮੇਰੀ ਭਾਲ ਦੀ ਭਟਕਣ ਮੇਰੀ ਭਾਲ ਦੀ ਧੜਕਨ
ਮਰ ਮੁੱਕ ਗਈ ਜਦ, ਲੱਭ ਲੱਭ ਚਾਰੇ ਖੂੰਜੇ !!!

ਐਪਰ ਗੰਗੂ ਦੀ ਬੇਈਮਾਨੀ
ਮਸੂਮਾਂ ਦੀ ਰੱਤ ਪੀਂਦੀ ਰਹੀ।
ਮਸੂਮਾਂ ਦੀ ਪਾਰ ਸਾਈ
ਹਰ ਜ਼ਬਰ ਸਹਿੰਦੀ ਗਈ
"ਇੱਕ ਕੰਧ ਉਸਰਦੀ ਰਹੀ
ਇਕ ਕੰਧ ਢਹਿੰਦੀ ਰਹੀ
ਕੁੱਖ ਤੋਂ ਚਿਖਾ ਦੀ ਕਹਾਣੀ
ਤੁਰਦੀ ਗਈ ਤੁਰਦੀ ਗਈ।

## ਭਲਕ

ਇਸ ਸਮੇਂ ਦੀ ਵੱਖੀ ਚੋਂ
ਸਮਾਂ ਇੱਕ ਹੋਰ ਨਿੱਕਲ ਆਉਣਾ ਹੈ
ਇਤਿਹਾਸ ਨੇ ਅਜੇ ਦੁਹਰਾਇਆ ਨਹੀਂ ਆਪਾ
ਪਰ ਹੁਣ ਇਸ ਆਪਾ ਦੁਹਰਾਉਣਾ ਹੈ
ਹਨੇਰੇ ਦਾ ਜਦ ਇਨ੍ਹਾਂ ਦਮਾਂ ਨਾਲ ਸਾਥ ਹੋਇਆ
ਡਰ ਡਰ ਚਾਨਣ ਆਖੇ ਇਓਂ ਸਾਥੋਂ ਮੁੱਖ ਨਹੀਂ ਮੋੜੀਦਾ
ਕਤਲ ਹੋਏ ਸਾਹ ਵੀ ਫਿਰ ਸਿਰ ਚੁੱਕਣਗੇ
ਤੇ ਖੋਹ ਲੈਣਗੇ ਜੋ ਉਹਨਾਂ ਨੂੰ ਲੋੜੀਦਾ
ਮੇਰੀ ਸਾਧਾਰਣ ਕਾਇਆ ਨੂੰ ਵੀ
ਇਹ ਗੱਲ ਪਈ ਪ੍ਰਤੱਖ ਜਾਪੇ
ਤਬਾਹ ਹੋਏ ਤੇ ਜ਼ਖਮੀ ਜਜ਼ਬਾਤਾਂ ਵਿਚੋਂ
ਜ਼ਿੰਦਗੀ ਤਸੱਲੀ ਲੱਭ ਲਏਗੀ ਆਪੇ
ਕਲਮ ਤਲਵਾਰ ਦਾ ਜਦ ਮੇਲ ਹੋਵੇਗਾ
ਅਰਥਾਂ ਦਾ ਸੱਚ ਤਦ ਉਤਰੇਗਾ
ਸਮਾਂ ਆਪ ਸਮੇਂ ਸੰਗ ਤਕਰਾਰ ਕਰੇਗਾ
ਤੇ ਭਲਕ ਭਵਿੱਖ ਦੀਆਂ ਲੀਕਾਂ ਉਕਰੇਗਾ !!!





## ਚੁੱਪ

ਅਹਿਸਾਸਾਂ ਦੀ ਕਤਲਗਾਹ ਤੋਂ
ਸਾਂਗ ਦੀ ਸਰਦਲ ਤੱਕ
ਮੇਰੇ ਦਿੱਲ ਨੇ ਲਹੂ ਦੀ ਭਾਪ ਨੂੰ
ਸਹਿ ਲਿਆ ਹੈ ਤੇ ਹੁਣ
ਇੱਕ ਹੀ ਪ੍ਰਸ਼ਨ ਚਿੰਨ੍ਹ ਰਹਿ ਗਿਆ ਹੈ
ਚੁੱਪ !
ਚੁੱਪਾਂ ਜਿਥੋਂ ਟੁੱਟਦੀਆਂ ਨੇ
ਹਨੇਰੀਆਂ ਉਥੋਂ ਉਤਰਦੀਆਂ ਨੇ
ਹੱਕ ਦੀ ਅਵਾਜ਼ ਦਾ
ਕਿੰਨਾ ਚਿਰ ਖੂਨ ਕਰਦੇ ਰਹੋਗੇ ?
ਚੁੱਪਾਂ ਪਿੱਛੇ ਹੀ ਭੁਚਾਲ ਨੇ।
ਨਾ ਹੱਥ ਪਾਉ ਹੁਣ ਸਾਡੇ ਮੂੰਹਾਂ 'ਚ
ਇਨ੍ਹਾਂ ਪਿਛੇ ਬਲਦੇ ਹੋਏ ਲਾਵੇ ਨੇ।
ਲੱਖ ਦਰਵਾਜ਼ੇ ਬੰਦ ਕਰੋ
ਲੂ ਦੇ ਤੀਰ ਅੰਦਰ ਆ ਹੀ ਜਾਣੇ ਨੇ
ਤੇ ਜੇ ਤੁਸੀਂ ਸਾਡੇ ਮੂੰਹਾਂ 'ਚ ਹੱਥ ਪਾਉਂਦੇ ਰਹੇ
ਅਸੀਂ ਆਪਣੇ ਜਿਸਮ ਨੂੰ
ਬਾਰੂਦੀ ਬਣਾ ਲਵਾਂਗੇ
ਆਪਣੇ ਖੂਨ ਵਿਚ ਜ਼ਹਿਰ ਰਲਾ ਲਵਾਂਗੇ
ਤੇ ਫਿਰ ਮਿਟਾ ਦੇਵਾਂਗੇ
ਹਰ ਪ੍ਰਸ਼ਨ ਚਿੰਨ !



## ਹਰਮਿੰਦਰ

### ਮੈਂ

ਮੈਂ ਇੱਕ ਕੰਕਰ —
ਨਦੀ ਕਿਨਾਰੇ
ਤਰਸਾਂ ਬੂੰਦ ਬੂੰਦ ਨੂੰ
ਮੈਂ ਇੱਕ ਕਲੀ —
ਵਿੱਚ ਬਗੀਚੇ
ਲੱਭਾਂ ਇੱਕ ਹਵਾ ਦਾ ਬੁੱਲਾ
ਮੈਂ ਇੱਕ ਪੰਛੀ —
ਗਗਨ ਆਪਣੇ ਦੀ
ਉੱਡਣ ਲਈ ਖੰਭ ਲੱਭਾਂ
ਮੈਂ ਮਿੱਟੀ —
ਆਪਣੇ ਕਰਮਾਂ ਦੇ
ਗਮ ਦਫਨਾਉਣ ਲਈ
ਛੱਪੜੀ ਕੰਢੇ ਜਾਵਾਂ
ਮੈਂ ਇੱਕ ਬੱਦਲੀ —
ਵਿਚ ਅਸਮਾਨੀਂ
ਅਜ਼ਾਦ ਹੋਣ ਲਈ ਤਾਂਘਦੀ।
ਨਾ ਮੈਂ ਕੰਕਰ
ਨਾ ਮੈਂ ਕਲੀ
ਨਾ ਮੈਂ ਪੰਛੀ
ਨਾ ਹੀ ਮੈਂ ਮਿੱਟੀ
ਨਾ ਮੈਂ ਬੱਦਲੀ
ਮੈਂ ਇੱਕ ਇਨਸਾਨ
ਪਰ ਆਪਣੀ ਹੋਂਦ ਤੋਂ ਅਨਜਾਣ



### ਅੱਜ

ਇਹ ਅੱਜ :
ਮੈਂ ਧਰੀਕ ਧਰੀਕ ਕੇ ਲਿਆਈ,
ਮੈਂ ਵਾਸਤੇ ਪਾ ਕੇ ਲਿਆਈ।
ਇਹ ਅੱਜ :
ਜਨਮਾਂ ਦੀ ਤਪੱਸਿਆ ਪਿਛੋਂ,
ਕਈ ਰੂਹਾਂ ਦੇ ਘਰੀਂ ਪਾੜ ਲਾ ਕੇ,
ਤੇਰੀ ਰੂਹ ਨੂੰ ਕੱਢ ਲਿਆਕੇ,
ਉੱਚੇ ਮਹਿਲੀਂ ਠੋਕਰ ਖਾ ਕੇ,
ਧੂਹ ਧੂਹ ਕੇ ਲਿਆਂਦੀ।
ਇਹ ਅੱਜ :
ਬਹੁਤ ਕੀਮਤੀ ਹੈ।
ਬਹੁਤ ਨਾਜ਼ਕ ਹੈ।
ਬਹੁਤ ਛੋਟੀ ਹੈ।
ਇਹ ਅੱਜ :
ਮੇਰੇ ਅਰਮਾਨਾਂ ਦੀ ਨੁਹਾਰ ਹੈ।
ਮੇਰੀ ਮੰਜਲ ਦਾ ਆਗਾਜ਼ ਹੈ।
ਮੇਰਾ ਇਕੋ ਇੱਕ ਸਾਜ਼ ਹੈ।
ਇਹ ਅੱਜ :
ਜਿਸ ਤੇ ਮੈਂ ਕਈ ਸੁਰ ਛੇੜਨੇ ਨੇ,
ਕਈ ਪਰਬਤ ਮੋਹਣੇ ਨੇ,
ਕਈ ਵਿਰਾਨੇ ਸਜਾਉਣੇ ਨੇ।
ਇਹ ਅੱਜ :
ਮੇਰਾ ਸਭ ਕੁਝ ਹੈ।
ਮੇਰੀ ਤਕਦੀਰ ਹੈ।
ਮੇਰੀ ਜਗੀਰ ਹੈ।
ਮੇਰਾ ਆਲਮ ਗੀਰ ਹੈ।'

ਇਹ ਅੱਜ :
ਮੇਰੀ ਕਿਸ਼ਤੀ ਦਾ ਚੱਪੂ ਹੈ।
ਮੇਰੀ ਘੜੀਆਂ ਦੀ ਰਫਤਾਰ ਹੈ

## ਕਾਗਜ਼ ਦੀ ਬੇੜੀ

ਕਾਗਜ਼ ਦੀ ਬੇੜੀ,
ਜਿੰਦ ਮੇਰੀ ਨਿਮਾਣੀ।
ਮਲਾਹ ਕੋਲੋਂ ਦੀ ਡਰਦਾ ਲੰਘੇ,
ਵੇਖ ਕੇ ਅਧੋਰਾਣੀ।
ਪੱਤਝੜ ਦੀ ਰੁੱਤੇ ਤੁਰ ਪਈ,
ਭੁੱਲ ਹੋਈ ਅਨਜਾਣੀਂ
ਜਦੋਂ ਦੀ ਇਹ ਪੱਤਣੀਂ ਲੱਗੀ
ਸੁੱਕੇ ਪੱਤੇ ਭੁਰ ਭੁਰ ਡਿੱਗਣ।
ਛਲ ਕਰ ਜਾਂਦੀ
ਕੋਈ ਸ਼ਾਖ ਵਿਆਕੁਲ।
ਕੋਈ ਨਾ ਆਵੇ
ਨਾ ਕੋਈ ਸੱਧਰ ਦਿਖਾਵੇ
ਮੁਸਾਫਰ ਲੰਘਣ ਹਜ਼ਾਰਾਂ
ਬਿਨਾਂ ਮਲਾਹੋਂ,
ਚੱਲੀ ਹਾਂ ਅੱਜ,
ਸੁਣ ਮੰਝਧਾਰਾਂ ਦੀ ਲਲਕਾਰ।
ਮੈਂ ਬੇੜੀ ਕਾਗਜ਼ ਦੀ,
ਮੇਰਾ ਭੋਲਾ ਸਿਰਜਣਹਾਰ,
ਖਾਮੋਸ਼ ਲਹਿਰਾਂ ਤੇ ਧਰ ਗਿਆ ਮੈਨੂੰ
ਭੁੱਲ ਗਿਆ ਛੱਲਾਂ ਦੀ ਨੁਹਾਰ —।



## ਮੇਰੀ ਦਾਸਤਾਂ ਦਾ ਰਾਜ਼ਦਾਰ ਹੈ

ਇਹ ਅੱਜ :
ਮੈਂ ਹੀ ਮੈਂ ਹਾਂ
ਤੂੰ ਇਸ ਨੂੰ ਕਲ੍ਹ 'ਚ ਨਾ ਬਦਲ
ਤੂੰ ਮੈਨੂੰ 'ਮੈਂ' ਹੀ ਰਹਿਣ ਦੇ
ਸਦੀਆਂ ਲਾ ਕੇ ਮੈਂ
ਉਣੀਂ ਹੈ ਇਹ ਚਾਦਰ 'ਅੱਜ' ਦੀ
ਤੂੰ ਕੱਚੀ ਤੰਦ ਨਾ ਧਰੀਕ
ਇਹ ਅੱਜ :
ਤੂੰ ਅੱਜ 'ਚ ਹੀ ਗੁਆਚ ਜਾ
ਤੂੰ ਇਸ ਦੀ ਕਬਰ ਬਣਾ ਕੇ
ਕਲ੍ਹ ਨੂੰ ਜਨਮ ਨਾ ਦੇ।
'ਕਲ੍ਹ' 'ਚ 'ਅੱਜ' ਨਹੀਓਂ ਹੋਣਾ
ਤੂੰ ਕਲ੍ਹ ਦੀ ਤਮੰਨਾ ਕਰਕੇ
ਮੈਨੂੰ 'ਅੱਜ' ਨੂੰ ਨਾ ਮੇਟ

## ਕੇਸਰ ਸਿੰਘ

### ਮੈਂ ਮਾਨਵ ਹਾਂ, ਤੂੰ ਮਾਨਵ ਹੈਂ

ਦੇਸ ਬਦੇਸ ਮੈਂ ਗਾਹੇ
ਦੇਸ ਬਦੇਸ ਦੀ ਧਰਤੀ ਵਿਚੋਂ
ਮੈਨੂੰ ਖੁਸ਼ਬੂ ਆਏ।
ਚਿੱਟੀ ਧਰਤੀ
ਕਾਲੀ ਧਰਤੀ
ਪੀਲੀ ਧਰਤੀ
ਭੂਰੀ ਕੋਈ ਸਦਾਏ
ਕਾਲੇ, ਭੂਰੇ, ਗੋਰੇ, ਪੀਲੇ
ਇਕ ਦੂਜੇ ਦੇ ਜਾਣੀ
ਸਭ ਦੀ ਇਕੋ ਬਾਣੀ —
'ਮੈਂ ਮਾਣਸ ਹਾਂ,
ਤੂੰ ਮਾਣਸ ਹੈਂ।'
ਫਿਰ ਗੋਲੀ ਕੌਣ ਚਲਾਏ ?
ਰੱਤ-ਨਦੀਆਂ ਕੌਣ ਵਹਾਏ ?
ਮਾਂ ਦੀਆਂ ਦੋਧੀਆਂ
ਛਾਤੀਆਂ ਉਤੋਂ
ਚੀਰੇ ਕੌਣ ਲੁਹਾਏ ?
ਦੁਧੀਆਂ ਨਾਲ ਪਲੱਮਦੇ ਬੱਚੇ
ਜੀਂਦੇ ਕੌਣ ਜਲਾਏ ?

ਦੇਸ ਬਦੇਸ ਮੈਂ ਗਾਹੇ
ਜਿਥੇ ਵੇਖਾਂ ਘਾਹ ਹਰਿਆ ਹੈ।
ਘਾਹ ਦੀ ਪੱਤੀ ਵਿਚ
ਜੀਵਨ ਹੈ।
ਘਾਹ — ਪੱਤੀ ਦੇ ਜੀਵਨ ਦਾ



ਜੀਂਦਾ ਪਰਛਾਵਾਂ
ਮੇਰੇ ਨੈਣਾਂ ਵਿਚ ਵਸ ਜਾਏ।
ਦੇਸ ਬਦੇਸ ਦੇ ਘਾਹਾਂ ਵਿਚੋਂ
ਉਭਰ ਉਭਰ ਲੈਂਦੀ ਅੰਗੜਾਈਆਂ
ਮਾਨਵਤਾ ਦਿਸ ਆਏ।
ਘਾਹ ਵੀ ਮਾਨਵ
ਮੱਕੀ ਮਾਨਵ
ਛੋਲੇ ਅਤੇ ਜਵਾਰਾਂ ਮਾਨਵ
ਕਾਲੇ ਮਾਨਵ, ਗੋਰੇ ਮਾਨਵ,
ਭੂਰੇ ਮਾਨਵ, ਪੀਲੇ ਮਾਨਵ,
'ਮੈਂ ਮਾਨਵ ਹਾਂ,
ਤੂੰ ਮਾਨਵ ਹੈਂ।'
ਫਿਰ ਸੋਨੇ-ਰੰਗੇ ਖੇਤ ਕਣਕ ਦੇ
ਹਰੇ ਭਰੇ ਚੌਲਾਂ ਦੇ ਸਿੱਟੇ
ਕੌਣ ਜਲਾਏ ?
ਤੀਲੀ ਕੌਣ ਲਗਾਏ ?

ਦੇਸ ਬਦੇਸ ਮੈਂ ਗਾਹੇ
ਧਰਤੀ ਵਿਚ ਅਟੱਲਤਾ ਵੇਖੀ
ਦ੍ਰਿੜਤਾ ਵੇਖੀ ਵਿੱਚ ਪਹਾੜਾਂ
ਉਤਸੁਕਤਾ ਵੇਖੀ ਵਿਚ ਸਾਗਰ
ਸ਼ਾਂਤੀ ਵੇਖੀ ਵਿਚ ਪੁਲਾੜਾਂ
ਸਤ-ਰੰਗੀਆਂ ਪੀਘਾਂ ਮੈਂ ਤੱਕੀਆਂ
ਆਕਾਸ਼ਾਂ ਵਿਚ ਲੈਣ ਹੁਲਾਰੇ
ਘੁੱਗੀਆਂ ਅਤੇ ਗੁਟਾਰਾਂ ਤੱਕੀਆਂ
ਫਰ ਫਰ ਕੰਬਦੇ ਖੰਭ ਉਨ੍ਹਾਂ ਦੇ
ਧਰਤ — ਅਕਾਸ਼ੀਂ ਲੈਣ ਨਜ਼ਾਰੇ।
ਲੰਮ ਸਲੰਮੇ ਦਰਿਆ ਤੱਕੇ
ਮਾਣੀਆਂ ਠੰਢੀਆਂ ਤੱਤੀਆਂ ਪੌਣਾਂ

ਜਣੇ ਤੱਕੇ, ਮੁਟਿਆਰਾਂ ਤੱਕੀਆਂ
ਕਾਲੇ ਤੱਕੇ, ਗੋਰੇ ਤੱਕੇ
ਭੂਰੇ ਤੱਕੇ, ਪੀਲੇ ਤੱਕੇ
ਸਭ ਕਹਿੰਦੇ
ਨੌਂ + ਦੋ = ਗਿਆਰਾਂ
ਫਿਰ ਮਾਂ ਧਰਤੀ ਦੀ ਛਾਤੀ ਉਤੇ
ਜੰਗਲਾਂ ਵਿਚ ਪਹਾੜਾਂ ਵਿਚ
ਸਾਗਰਾਂ ਅਤੇ ਪੁਲਾੜਾਂ ਵਿਚ
ਖੌਰੂ ਕੌਣ ਮਚਾਏ ?
ਕੌਣ ਵਿੰਨੇ ਸਤ-ਰੰਗੀਆਂ ਪੀਂਘਾਂ,
ਸੁੰਦਰਤਾ ਵਿਚ ਕੁਹਜ ਰਲਾਏ,
ਚਾਨਣ ਵਿਚ ਹਨੇਰ ਮਿਲਾਏ ?
ਸਤ-ਰੰਗੀਆਂ ਪੀਂਘਾਂ ਦੇ
ਲੀੜੇ ਕੌਣ ਚੁਰਾਏ ?
ਖੰਭ ਕੌਣ ਤੋੜੇ ਘੁੱਗੀਆਂ ਦੇ ?
ਮਾਰੇ ਕੌਣ ਗੁਟਾਰਾਂ ?
ਕੌਣ ਹਵਾ ਵਿੱਚ ਗੈਸਾਂ ਛੱਡੇ ?
ਕੌਣ ਪਾਣੀ ਵਿੱਚ ਘੋਲੇ ਜ਼ਹਿਰਾਂ ?
ਮੁਟਿਆਰਾਂ ਨੂੰ ਰੰਡੀਆਂ ਕਰਦਾ
ਜਣਿਆਂ ਨੂੰ ਹੱਥ-ਕੜੀਆਂ ਜੜਦਾ,
ਕੌਣ ਯਤੀਮ ਬਣਾਏ ?
ਬੀਜੇ ਫਸਲ ਯਤੀਮਾਂ ਵਾਲੀ
ਹੱਟੀ ਕੌਣ ਚਲਾਏ ?
'ਮੈਂ ਮਾਨਵ ਹਾਂ
ਤੂੰ ਮਾਨਵ ਹੈਂ'
ਕਹਿੰਦਿਆਂ ਸ਼ਰਮ ਨਾ ਆਏ !

ਮੂੰਹ ਹਨੇਰ,
ਨਵੇਂ ਸੂਰਜ ਦੀ ਲਾਲੀ ਵੇਲੇ



ਧੁੰਦ ਜਾਪੇ ਧਰਤੀ 'ਚੋਂ ਉਗਦੀ
ਤ੍ਰੇਲ ਤੁਪਕੇ ਡਿਗਣ ਅਸਮਾਨੋਂ
ਉੱਚੇ ਉੱਚੇ ਰੁੱਖ ਚੀਲਾਂ ਦੇ —
ਤਿੱਖੀਆਂ ਤਿੱਖੀਆਂ ਸੂਈਆਂ
ਵਿਚ ਫਿਜ਼ਾ ਦੇ ਰੁਮਕ ਰੁਮਕ ਕੇ
ਖ਼ੁਸ਼ਬੂ ਪਏ ਵੰਡਾਣ।
ਕਿਣਮਿਣ ਕਿਣਮਿਣ

## ਦੋ ਮਿੰਨੀ ਕਵਿਤਾਵਾਂ

ਤੂੰ
ਪਾਣੀ ਦਾ ਬੁੱਕ ਭਰਿਆ ਹੈ
ਉਸ ਵਿੱਚ
ਇੱਕ ਬੁਲਬੁਲਾ ਉੱਠ ਖਲੋਤਾ
ਅਹੁ ! ਫਟ ਗਿਆ ਉਹ ਬੁਲਬੁਲਾ
ਤੇਰੇ ਬੁੱਕ ਦਾ ਪਾਣੀ
ਤੁਪਕਾ ਤੁਪਕਾ
ਵੀਟ ਰਿਹਾ ਹੈ ।
ਰੁਕ ਜਾ

o

ਰੁਕ ਜਾ
ਜ਼ਰਾ ਰੁਕ ਜਾ
ਰੌਲਾ ਨਾ ਪਾ
ਰੌਲਾ ਨਾ ਪਾ
ਤੀਵੀਂ ਦੀ ਚੁੱਪ ਨੂੰ
ਜ਼ਰਾ ਕੰਨ ਲਾ ਕੇ ਸੁਣ
ਸੁਣ
ਉਹ ਕੀ ਕਹਿੰਦੀ ਹੈ





o

ਉੱਚੇ ਪਰਬਤ ਤੋਂ
ਡਿਗਦੀ ਆਬਸ਼ਾਰ
ਦੇ ਕੰਢੇ ਉੱਗਿਆ
ਘਾਹ ਦਾ ਇੱਕ ਤੀਲਾ ਹਾਂ ਮੈ
ਸਾਂ ਸਾਂ ਕਰਕੇ ਲੰਘਦੀ
ਪੌਣ ਦੇ ਬੁੱਲਿਆਂ ਨਾਲ
ਮੈਂ ਖੇਡ ਰਿਹਾ ਹਾਂ
ਮੇਰੀ ਇਹ ਖੇਡ
ਮੇਰੇ ਮਨ ਦਾ ਚਾਅ ਹੈ
ਮੇਰੇ ਮਨ ਦੀ ਮੌਜ ਹੈ

ਮੈਂ ਚਿਣਗ ਹਾਂ
ਅੱਗ ਦੀ
ਹਨੇਰੇ ਵਿੱਚ
ਚਮਕ ਰਹੀ ਹਾਂ
ਤੁਸੀਂ ਮੈਨੂੰ ਆਪਣੇ ਪੈਰਾਂ ਹੇਠਾਂ
ਮਸਲ ਦੇਣਾ ਲੋੜਦੇ ਹੋ
ਕਹਿੰਦੇ ਹੋ —
ਹਨੇਰੇ 'ਚ ਨਾ ਚਮਕਾਂ
ਚਮਕਾਂ
ਸੂਰਜ ਦੇ ਗੁਆਂਢ
ਟਟਹਿਣਾ ਵੀ ਚਮਕੇ
ਉਸ ਨੂੰ ਕਿਉਂ ਨਹੀਂ ਰੋਕਦੇ ?

ਤੂੰ ਚਿਣਗ ਹੈਂ
ਤੂੰ
ਸੂਰਜ ਨੂੰ ਸਾੜਨ ਦੀ
ਸ਼ਕਤੀ ਰੱਖਦੀ ਹੈਂ ।



## ਕਸ਼ਮੀਰਾ ਸਿੰਘ ਚਮਨ

### ਕਣਕਾਂ ਰੰਗ ਵਟਾਏ

ਕਣਕਾਂ ਰੰਗ ਵਟਾਏ ਵੇ ਸੱਜਨਾਂ, ਕਣਕਾਂ ਰੰਗ ਵਟਾਏ।
ਕਰਮਾਂ ਵਾਲੀਆਂ ਮਾਨਣ ਸੇਜਾਂ, ਮਾਹੀ ਜਿਨ੍ਹਾਂ ਘਰ ਆਏ।

ਕੋਠੇ ਚੜ੍ਹ ਚੜ੍ਹ ਖੜ੍ਹੀ ਮੈਂ ਤੱਕਾਂ, ਸੱਜਨਾਂ ਤੇਰੀਆਂ ਰਾਹਾਂ।
ਤੇਰੇ ਬਾਝੋਂ ਕੌਣ ਸੁਣੇ ਅੱਜ ਮੇਰੀਆਂ ਠੰਢੀਆਂ ਆਹਾਂ।
ਡਾਰੋਂ ਵਿਛੜੀ ਕੂੰਜ ਵੇ ਢੋਲਾ, ਤੇਰੇ ਨਗ਼ਮੇ ਗਾਏ,
ਕਣਕਾਂ ਰੰਗ ਵਟਾਏ ਵੇ ਸੱਜਨਾਂ, ਕਣਕਾਂ ਰੰਗ ਵਟਾਏ।

ਤੂੰ ਸੀ ਸੱਚਾ ਦੇਸ਼ ਦਾ ਰਾਖਾ, ਮੇਰੇ ਢੋਲ ਸਿਪਾਹੀਆ।
ਤੇਰੇ ਬਾਝੋਂ ਮੇਰਾ ਰਾਖਾ, ਕੌਣ ਬਣੇ ਅੱਜ ਮਾਹੀਆ।
ਰੂਪ ਜਵਾਨੀ ਵੈਰੀ ਹੋਏ, ਵਾੜ ਖੇਤ ਨੂੰ ਖਾਏ,
ਕਣਕਾਂ ਰੰਗ ਵਟਾਏ ਵੇ ਸੱਜਨਾਂ, ਕਣਕਾਂ ਰੰਗ ਵਟਾਏ।

ਰੱਤਾ ਸਾਲੂ ਲਹਿ ਗਿਆ ਸਿਰ ਤੋਂ, ਭਿੰਨੀ ਰਹਿ ਗਈ ਮਹਿੰਦੀ।
ਜਿਸ ਤਨ ਲੱਗੀਆਂ ਸੋ ਤਨ ਜਾਣੇ, ਸਾਰੀ ਦੁਨੀਆਂ ਕਹਿੰਦੀ।
'ਚਮਨ' ਪਿਆਰ ਦੇ ਨੀਰ ਬਿਨਾਂ ਅੱਜ, ਸ਼ਾਖ ਪਈ ਕੁਮਲਾਏ,
ਕਣਕਾ ਰੰਗ ਵਟਾਏ ਵੇ ਮਾਹੀਆ, ਕਣਕਾਂ ਰੰਗ ਵਟਾਏ।



### ਯਾਦਾਂ ਦੇ ਰੁੱਖ ਹੇਠਾਂ

ਯਾਦਾਂ ਦੇ ਰੁੱਖ ਹੇਠਾਂ ਆਵਣ,
ਨਿੱਤ ਪਿਆਰ ਦੇ ਬੁੱਲੇ।
ਧੂੜ ਹਿਜਰ ਦੀ ਅੰਦਰ ਮੇਰੇ,
ਲੱਪ ਲੱਪ ਅੱਥਰੂ ਡੁੱਲੇ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਗੀਤ ਹਿਜਰ ਦੇ ਗਾਵਾਂ।
ਇਸ ਰੁੱਖ ਦੀ ਮੈਂ ਟਾਹਣੀ ਦੇ ਨਾਲ,
ਪੀਂਘ ਮਿਲਣ ਦੀ ਪਾਵਾਂ।

ਯਾਦਾਂ ਦੇ ਰੁੱਖ ਹੇਠਾਂ ਮੇਰੀ,
ਖੁਰ ਖੁਰ ਜਾਏ ਜਵਾਨੀ।
ਸ਼ਾਲਾ ! ਮੈਨੂੰ ਇਸ ਰੁੱਖ ਹੇਠਾਂ,
ਮਿਲ ਜਾਏ ਦਿਲਬਰ ਜਾਨੀ

ਯਾਦਾਂ ਦੇ ਰੁੱਖ ਹੇਠਾਂ ਜਦ,
ਮੈਂ ਤੰਦ ਪਿਆਰ ਦੀ ਪਾਵਾਂ।
ਦਿਲ ਵਿਚ ਉਠੇ ਤਰਬ ਅਨੋਖੀ,
ਕਸੀਆਂ ਜਾਣ ਤਣਾਵਾਂ।

ਯਾਦਾਂ ਦੇ ਰੁੱਖ ਹੇਠਾਂ ਤਕਾਂ,
ਹਰ ਦਮ ਹਿਜਰ ਨਜ਼ਾਰੇ।
ਇਸ ਰੁੱਖ ਹੇਠਾਂ ਡੁੱਲ੍ਹ ਡੁੱਲ੍ਹ,
ਮੇਰੇ ਅਥਰੂ ਹੋ ਗਏ ਖਾਰੇ।

ਯਾਦਾਂ ਦੇ ਰੁੱਖ ਹੇਠਾਂ ਵਗਦੇ,
ਦੋ ਦਰਿਆ ਨਿਰਾਲੇ।
ਇਸ ਰੁੱਖ ਹੇਠਾਂ ਬੈਠ ਕੇ,
ਜਿੰਦ ਨੇ ਸੌ ਸੌ ਜੱਫਰ ਜਾਲੇ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਜਿੰਦੜੀ ਹਾਉਕੇ ਭਰਦੀ।
ਆਸ ਮਿਲਣ ਦੀ ਧਾਰ ਕੇ ਹਰ ਦਮ,
ਜਾਪ ਸਜਨ ਦਾ ਕਰਦੀ।

ਯਾਦਾਂ ਦੇ ਰੁੱਖ ਹੇਠਾਂ ਬੈਠੀ,
ਜਿੰਦੜੀ ਆਸ ਲਗਾ ਕੇ।
ਆਣ ਮਿਲੇਗਾ 'ਚਮਨ' ਪਿਆਰਾ,
ਧਾ ਗਲਵਕੜੀ ਪਾ ਕੇ।





## ਟਾਹਲੀਏ ! ਨੀ ਟਾਹਲੀਏ !!

ਟਾਹਲੀਏ ਨੀ ਟਾਹਲੀਏ, ਹਰੇ ਪੱਤਾਂ ਵਾਲੀਏ, ਠੰਢੜੀ ਤੇ ਮਿੱਠੀ ਤੇਰੀ ਛਾਂ।
ਕਰਦੇ ਕਲੋਲ ਬੈਠੇ ਟਾਹਣੀਆਂ ਨੇ ਤੇਰੀਆਂ ਤੇ ਪਿਆਰ ਵਿਚ ਘੁੱਗੀਆਂ ਤੇ ਕਾਂ।

ਠੰਢੀ ਠੰਢੀ ਪੌਣ ਪਾਵੇ ਕੰਘੀਆਂ ਪਿਆਰ ਦੀਆਂ,
ਤੇਰੇ ਸੋਹਣੇ ਪੱਤਿਆਂ ਦੇ ਸੰਗ ਨੀ।
ਜਿਵੇਂ ਕੋਈ ਹੂਰ ਆਈ, ਸੱਧਰਾਂ ਤੇ ਰੀਝਾਂ ਲੈ ਕੇ,
ਦਿਲ ਵਿਚ ਪਿਆਰ ਦੀ ਉਮੰਗ ਨੀ।
ਪੌਣ ਸੰਗ ਮਿਲ ਕੇ ਸੰਗੀਤ ਜਦੋਂ ਛੇੜਨੀ ਏਂ, ਕਰਦੇ ਨੇ ਪੱਤੇ ਸਾਂ ਸਾਂ।
ਟਾਹਲੀਏ ਨੀ ਟਾਹਲੀਏ... .।

ਪਿਆਰ ਦੀਆਂ ਮੰਜ਼ਲਾਂ ਦਾ ਰਾਹੀ ਮਤਵਾਲਾ ਕੋਈ,
ਮਾਣੇ ਤੇਰੀ ਛਾਂ ਦਾ ਸਰੂਰ ਨੀ।
ਮੱਲੋ ਮੱਲੀ ਜਾਦੂ ਕਰੀ ਜਾਵੇ ਲਟਬੌਰਿਆਂ ਨੂੰ,
ਤੇਰੇ ਤੇ ਜਵਾਨੀ ਭਰਪੂਰ ਨੀ।
ਯੁੱਗਾਂ ਤੋਂ ਅਹਸਾਨ ਤੇਰੇ, ਰੱਬ ਦਿਆਂ ਬੰਦਿਆਂ ਤੇ, ਮਿੱਠਾ ਤੇ ਪਿਆਰਾ ਤੇਰਾ ਨਾਂ।
ਟਾਹਲੀਏ ਨੀ ਟਾਹਲੀਏ... ..।

ਗਰਮੀ ਦੀ ਰੁੱਤੇ ਨੀ ਤੂੰ ਸਵਰਗਾਂ ਤੋਂ ਘੱਟ ਨਹੀਂ,
ਚੰਗਾ ਤੇਰੀ ਗੋਦ ਦਾ ਨਜ਼ਾਰਾ ਏ।
ਤੇਰੇ ਠੰਢੀ ਛਾਵੇਂ ਹੰਭੀ ਹਾਰੀ ਹੋਈ ਜ਼ਿੰਦਗੀ ਨੂੰ,
ਮਿਲਦਾ ਈ ਜੀਵਨ ਸਹਾਰਾ ਏ।
'ਚਮਨ' ਇਕ ਵਾਰ ਜਿਹੜਾ ਠੰਢੀ ਛਾਵੇਂ ਬੈਠ ਜਾਂਦਾ,
ਭੁੱਲ ਜਾਂਦਾ ਸ਼ਹਿਰ ਤੇ ਗਿਰਾਂ,
ਟਾਹਲੀਏ ਨੀ ਟਾਹਲੀਏ, ਹਰੇ ਪੱਤਾਂ ਵਾਲੀਏ, ਠੰਢੜੀ ਤੇ ਮਿੱਠੀ ਤੇਰੀ ਛਾਂ।



## ਕੁਲਵੰਤ ਸਿੰਘ ਸਹੋਤਾ

### ਮਿਰਗ ਤ੍ਰਿਸ਼ਨਾਂ

ਕੁਝ ਖੋਇਆ ਭਾਲਦਾਂ
ਮਿਲਦਾ ਜੋ ਨਹੀਂ ਖਾਹਿਸ਼
ਦੂਰੋਂ ਕੁਝ ਦਿਸਦਾ
ਲੱਗਦਾ ਮੈਂ ਪਾਲਿਆ
ਮਹਿਸੂਸਦਾ ਮੰਜ਼ਲ ਦੇ ਨੇੜੇ
ਵੱਧਦਾ ਉਸ ਵਲ
ਪਹੁੰਚ ਕੇ ਲੱਗਦਾ ਉਹੀ
ਕੁਝ ਜੋ ਮੇਰੇ ਕੋਲ

### ਪਾਗਲ ਕੁੱਤੇ

ਕੁੱਤਿਆਂ ਦੇ ਰੋਣ ਦੀਆਂ ਅਵਾਜ਼ਾਂ
ਉਹ ਦੂਰ ਸਾਹਮਣੇ
ਧੜਾ ਧੜ ਡਾਂਗਾਂ ਵਰ੍ਹ ਰਹੀਆਂ
ਲਾਠੀ ਪੈਂਦੀ
ਬੇ-ਹੋਸ਼ੀ ਵਿੱਚ
ਜਰਾ ਕੁ ਬਾਦ ਭੱਜਦੇ ਫਿਰ
ਲੱਤਾਂ ਟੁੱਟੀਆਂ, ਸਿਰ ਫਿੱਸੇ
ਕਹਿ ਰਹੇ ਸੀ ਪਾਗਲ ਕੁੱਤੇ ਹਨ।
ਮਾਰ ਦਿਓ
ਵੱਢ ਖਾਣਗੇ ਤੇ ਪਾਗਲ ਕਰ ਦੇਣਗੇ
ਸੱਭ ਨੂੰ ... ...
ਸਹਿਕਦੇ ਲਬ ਬੋਲ ਰਹੇ ਸੀ
ਇਹ ਪਾਗਲ ਕੁੱਤੇ ਨਹੀਂ ਇਨਸਾਨੀ ਜਨੂੰਨ ਹੈ
ਜੋ ਭੁੱਖੇ ਮਰਦੇ ਹਨ
ਸਾਰਾ ਦਿਨ ਹੱਡ ਭੰਨਵੀ ਮੁਸ਼ੱਕਤ ਮਗਰੋਂ ਵੀ
ਹੱਕ ਉਹਨਾਂ ਦਾ ਤੁਸੀਂ ਖਾ ਜਾਂਦੇ ਹੋ
ਜੇ ਮੰਗ ਲੈਣ
ਤਾਂ ਡਾਂਗਾਂ ਮਾਰਦੇ ਹੋ ਕਹਿ ਕੇ ਪਾਗਲ ਕੁੱਤੇ



## ਗੁਰਮੀਤ ਛੀਨਾਂ

### ਤਲਾਸ਼

ਮੈਂ ਹਰ ਦਰ ਤੇ ਜਾਵਾਂਗੀ
ਖ਼ੁਸ਼ੀ ਦੀ ਤਲਾਸ਼ ਵਿੱਚ...
ਜ਼ਿੰਦਗੀ ਦੀ ਤਲਾਸ਼ ਵਿੱਚ...
ਰੌਸ਼ਨੀ ਦੀ ਤਲਾਸ਼ ਵਿੱਚ...

ਮੈਂ ਜਾਣਦੀ ਹਾਂ
ਹਰ ਘਰ ਵਿਚੋਂ ਮੈਨੂੰ
ਕੁਝ ਵੀਰਾਨ ਚਿਹਰੇ
ਫਟੀਆਂ ਫਟੀਆਂ ਨਜ਼ਰਾਂ ਤੇ
ਚੁੱਪ ਚੁੱਪ ਸ਼ਿਕਵੇ ਮਿਲਣਗੇ

ਮੈਂ ਇਨ੍ਹਾਂ ਸਭ ਚਿਹਰਿਆਂ ਨੂੰ
ਬਾਹਰ ਲਿਆਵਾਂਗੀ ਧੂਹ ਕੇ
ਘਰ ਦੀਆਂ ਰੌਸ਼ਨੀਆਂ 'ਚੋਂ ਲੰਘਾਕੇ
ਸੂਰਜ ਸਾਹਮਣੇ ਕਰਾਂਗੀ
ਤੇ ਕਹਾਂਗੀ
ਹੁਣ ਹਿਸਾਬ ਮੰਗੋ
ਉਨ੍ਹਾਂ ਸਭ ਦਿਨਾਂ ਦਾ
ਜਦੋਂ ਹਨੇਰੇ ਨੇ ਤੁਹਾਡੀਆਂ
ਅੱਖਾਂ ਅੰਨੀਆਂ ਕੀਤੀਆਂ ਸਨ
ਤੇ ਮੈਂ ਤੁਰ ਪੈਂਦੀ ਹਾਂ —
ਅਜਬ ਦੀਵਾਨਗੀ ਵਿੱਚ

ਦੀਵਾਨਗੀ ਹੀ ਸਹੀ,
ਮੈਂ ਹਰ ਦਰ ਤੇ ਜਾਵਾਂਗੀ
ਖ਼ੁਸ਼ੀ ਦੀ ਤਲਾਸ਼ ਵਿੱਚ...
ਜ਼ਿੰਦਗੀ ਦੀ ਤਲਾਸ਼ ਵਿੱਚ...
ਰੌਸ਼ਨੀ ਦੀ ਤਲਾਸ਼ ਵਿੱਚ...

## ਦੋ ਖ਼ਿਆਲ

1.

ਮੇਰੇ ਉਥੋਂ ਚਲੇ ਆਉਣ ਤੋਂ ਬਾਦ
ਉਹ ਮੁਹੱਬਤ ਦਾ ਨਾਟਕ ਖੇਲਣ ਵਾਲ਼ੇ।
ਰੰਗਾਂ 'ਚ ਹੋਣਗੇ ਨਹਾਉਂਦੇ,
ਮਾਸੂਮਾਂ ਦਾ ਦਿਲ ਤੋੜਣ ਵਾਲੇ।
ਪਰ......
ਮੈਂ ਬੇਵਕੂਫ ਬਰਾਬਰ ਵਫ਼ਾਦਾਰੀ ਤੋਲ ਰਹੀ ਹਾਂ।

2.

ਜਿੱਤ ਵੀ ਆਪਣੀ ਹਾਰ ਵੀ ਆਪਣੀ
ਜ਼ਿੰਦਗੀ ਦੀ ਹਰ ਖਾਹਿਸ਼ ਵੀ ਆਪਣੀ
ਦੁਖਾਂ ਦੀ ਦੌਲਤ ਵੀ ਆਪਣੀ
ਤੇ ਹੰਝੂਆਂ ਦੀ ਧਾਰ ਵੀ ਆਪਣੀ
ਦਿੱਤੀ ਤੈਂ ਜੋ ਪੀੜ ਵੀ ਆਪਣੀ
ਸੁੱਖਾਂ ਦੀ ਹਰ ਆਸ ਵੀ ਆਪਣੀ
ਜੋ ਖਿੜਨੀ ਨਾ, ਗੁਲਜ਼ਾਰ ਵੀ ਆਪਣੀ
ਤਰਸੀਏ ਜਿਹਨੂੰ ਬਹਾਰ ਵੀ ਆਪਣੀ।



## ਉਦਾਸੀਆਂ

ਇਸ ਰੰਗੀਨ ਭੀੜ ਵਿੱਚ
ਮੈਂ ਇਕੱਲੀ ਹਾਂ, ਉਦਾਸ ਹਾਂ!
ਕਈ ਬੇਕਿਰਨ ਪ੍ਰਛਾਵੇਂ
ਮੇਰੀ ਆਤਮਾ ਨੂੰ ਝੰਜੋੜ ਰਹੇ ਹਨ
ਕਈ ਹਨੇਰੇ ਵਿੱਚ ਸਾਹ ਘੁੱਟ ਰਹੇ ਹਨ
ਹੌਲੀ ਹੌਲੀ ਭਖ ਪੈਂਦੇ ਹਨ

ਉਫ਼! ਕਿੰਨਾਂ ਸੇਕ ਹੈ ਉਨ੍ਹਾਂ ਯਾਦਾਂ ਵਿੱਚ
ਜਿਹੜੀਆਂ ਮੁੜ ਕਦੀ ਜਿਉਂ ਨਹੀਂ ਸਕਦੀਆਂ।

ਭੀੜ ਤੋਂ ਅੱਥਰੂ ਸ਼ਰਮਾ ਜਾਂਦੇ ਹਨ
ਇਕਾਂਤ ਵਿੱਚ ਲਿਸ਼ਕ ਪੈਂਦੇ ਹਨ
ਪੱਥਰਾਂ ਤੋਂ ਖ਼ੁਸ਼ੀ ਮੰਗਣੀ ਤਾਂ ਬੁਜ਼ਦਿਲੀ ਹੈ
ਖ਼ੁਸ਼ੀ ਬੇਵੱਸ ਹੈ ਜਾਂ ਬੇਵੱਸ ਨਹੀਂ
ਖ਼ੁਸ਼ੀ ਦੇ ਕਾਫ਼ਿਲੇ ਦੀ ਕੋਈ ਮੰਜ਼ਿਲ ਨਹੀਂ ਹੁੰਦੀ
ਕਾਫ਼ਿਲੇ ਤੁਰਨ ਤੋਂ ਪਹਿਲਾਂ
ਇਸ ਤੇ ਸੀਤ-ਕਣੀਆਂ ਪਾ ਦਿਉ
ਉਦਾਸੀਆਂ ਨੂੰ ਜਗਾ ਕੇ ਰੱਖੋ
ਸੁਤੀਆਂ ਹੋਈਆਂ ਇਹ ਬੋ ਮਾਰ ਜਾਂਦੀਆਂ ਹਨ।

## ਗੁਰਚਰਨ ਰਾਮਪੁਰੀ

### ਸ਼ਬਦ

ਸ਼ਬਦਾਂ ਨੂੰ ਮੁੱਢਲੇ ਅਰਥਾਂ ਦਾ ਦਾਨ ਦਿਓ
ਇਨ੍ਹਾਂ ਦਾ ਘਰ ਉਜੜ ਗਿਆ ਹੈ
ਭਲੇਮਾਣਸਾਂ ਵਸਦੇ ਘਰ ਨੂੰ ਲੁੱਟ ਲਿਆ ਹੈ।
ਇਹ ਬੇਚਾਰੇ, ਨਿਰਬਲ, ਜ਼ਖ਼ਮੀ ;
'ਵਿਦਵਾਨਾਂ' ਤੇ ਨੇਤਾਵਾਂ, ਦੀ ਧਾੜ ਇਨ੍ਹਾਂ ਨੂੰ
ਗੁੰਗੇ ਕਰ ਕੇ ਛੱਡ ਗਈ ਹੈ।

ਹਰ ਗ਼ਰੀਬ ਦੇ ਕੱਪੜੇ ਲਾਹ ਉਸ ਦੇ ਮੂੰਹ ਉੱਤੇ,
ਬੜੇ ਡਰਾਉਣੇ, ਬੜੇ ਲੁਭਾਉਣੇ
ਚਿਪਕਾ ਦਿਤੇ ਹਨ ਮਖ਼ੌਟੇ ।

ਏਸ ਗਿਰਾਂ ਵਿਚ ਜੁੱਗਾਂ ਦੇ ਸਾਊ ਪਤਵੰਤੇ
ਬੇ-ਘਰ ਤੇ ਨਿਰਮਾਣ ਹੋ ਗਏ,
ਅਸਲੋਂ ਬੇ-ਪਹਿਚਾਣ ਹੋ ਗਏ।

ਕੋਈ ਇਨ੍ਹਾਂ ਨੂੰ ਏਹਨਾਂ ਦੇ ਹੀ ਵਸਤਰ ਮੋੜੇ,
ਅਣਖੀ ਨਹੀਂ ਉਤਾਰ ਪਹਿਨਦੇ,
ਭਾਵੇਂ ਉਹ ਰਾਜੇ ਦਾ ਹੋਵੇ।



### ਕੰਚਨੀ

ਯੁਗਾਂ ਤੋਂ ਸੁਣਦੇ ਰਹੇ
'ਪਰਤੱਖ ਨੂੰ ਪਰਮਾਣ ਕੀ'।
ਪਰ
ਸੱਚ ਸਾਰੇ ਸ਼ੱਕ ਦੇ ਹੀ ਆਸਰੇ ਨੇ ਉੱਘੜੇ।

ਚੰਨ, ਸੂਰਜ ਦਾ ਉਦੇ ਤੇ ਅਸਤ ਦੋਵੇਂ ਝੂਠ ਨੇ।
ਆਦਮੀ ਦੇ ਸਿਰ ਤੇ ਨੀਲੀ ਛੱਤ : ਅੰਬਰ
ਨਜ਼ਰ ਦਾ ਧੋਖਾ, ਫ਼ਰੇਬ।
ਇਹ ਸਿਤਾਰੇ ਟਿਮਟਮਾਂਦੇ ਚਾਨਣੇ ਕਿਣਕੇ ਜਿਹੇ
ਹਨ ਕਰੋੜਾਂ ਧਰਤੀਆਂ ਦੇ 'ਕੱਠ ਕੋਲੋਂ ਵੀ ਬੜੇ।
ਫੁੱਲ ਰੋਂਦੇ, ਹੈਨ ਪੱਥਰ ਤੜਪਦੇ,
ਸੰਭਵ ਏ ਪਾਣੀ 'ਚ ਵੀ ਵਿਕਰਾਲ ਅਗਨੀ ਦਾ ਸਰੂਪ।

ਸੰਭਵ ਏ ਮਾਨੁੱਖ ਦੇ ਹੱਕਾਂ ਦਾ ਕੁਈ ਢੰਡੋਰਚੀ,
ਅੰਦਰੋਂ ਹਿਟਲਰ ਹੋਏ ।

ਚੰਨ ਤੇ ਧਰਤੀ ਦੀ ਦੂਰੀ ਨੂੰ ਉਲੰਘ ਬੈਠਾ ਮਨੁੱਖ,
ਲੀਕ ਦੇਸ਼ਾਂ ਦੀ ਅਜੇ ਨਾ ਟੱਪਿਆ ।

ਨੂਰ ਚੰਨ ਦਾ ਨਿਰਤਕੀ ਦੀ ਮੁਸਕਰਾਹਟ,
ਰਾਜਨੀਤੀ, ਧਰਮ ਤੇ ਤਹਿਜ਼ੀਬ ਸਾਡੇ ਯੁੱਗ ਦੀ
ਕੰਚਨੀ ਜਿਉਂ ਮੁਸਕਰਾਏ,
ਵਿਕਣ ਵਾਲੀ ਸ਼ੈਅ 'ਚ ਕਿੱਥੇ ਹੈ ਵਫ਼ਾ ?

## ਪਰਦੇਸੀ

*(ਕੈਨੇਡੀਅਨ ਇੰਡੀਅਨਾਂ ਦੇ ਨਾਂ)

ਇਸ ਧਰਤੀ ਦੇ ਅਸਲੀ ਵਾਰਸ : ਕਲਾਕਾਰ ਦੀ ਕਹਾਂ ਕਹਾਣੀ,

ਜੋ ਇਤਿਹਾਸਾਂ ਤੋਂ ਵੱਡਾ ਹੈ,
ਜੋ ਇਤਿਹਾਸਾਂ ਤੋਂ ਬੁੱਢਾ ਹੈ ;
ਸੋ ਸਦੀਆਂ ਦੀ ਗੱਲ ਸੁਣਾਵਾਂ ।

ਇਹ ਧਰਤੀ ਪਾਣੀ ਦਾ ਪੱਥਰ,
ਨਿੱਘ-ਹੀਨ ਨਿਰਮੋਹੀ ਜੰਗਲ
ਜੀਵਨ ਦੇ ਸੰਗਰਾਮ 'ਚ ਰੁੱਝੇ,
ਜਦੋਂ ਸੂਰਮੇ ਏਥੇ ਆਏ ।

ਇਹ ਨਿਰਛਲ ਤੇ ਨਿਰਮਲ ਜਿਊੜੇ
ਖੰਭਾਂ ਨੂੰ ਜੋ ਤਾਜ ਸਮਝਦੇ,
ਕੁਦਰਤ ਦੀ ਅਦਭੁਤ ਬਹੁਰੰਗੀ
ਜੀਹਨਾਂ ਲਈ ਖ਼ੁਸ਼ੀਆਂ ਦਾ ਸੋਮਾ ;
ਜੰਮੇ ਕੱਕਰ, ਮਹਾਂ-ਚੁੱਪ ਦੀ ਪਥਰੀਲੀ ਧਰਤੀ ਦੇ ਉੱਤੇ,
ਨਾਚ, ਗੀਤ ਜੀਹਨਾਂ ਦਾ ਜੀਵਨ ।

ਸਾਦ ਮੁਰਾਦੇ ਪੱਥਰਾਂ ਵਿੱਚੋਂ ਰੂਪ ਸਿਰਜਦੇ ;
ਹੱਡੀ ਜੀਹਨਾਂ ਲਈ ਨਸ਼ਤਰ ਵੀ ਹੈ ਸੂਈ ਵੀ
ਸ਼ਸਤਰ ਵੀ ਤੇ ਸੁੰਦਰਤਾ ਵੀ।

---

*ਇਹ ਲੋਕ ਕੈਨੇਡਾ ਦੇ ਆਦਿ ਵਾਸੀ ਹਨ । ਇਨ੍ਹਾਂ ਦੀ ਸਭਿਅਤਾ ਦੇ ੯੦੦੦ ਸਾਲ ਪੁਰਾਣੀ ਹੋਣ ਦੇ ਸਬੂਤ ਤਾਂ ਲੱਭੇ ਜਾ ਚੁੱਕੇ ਹਨ । ਹੋਰ ਖੋਜ ਜਾਰੀ ਹੈ ।





ਹੋਂਦ-ਯੁੱਧ ਦੀ ਰਣਭੂਮੀ 'ਤੇ
ਜਿਨ੍ਹਾਂ ਅਨੇਕਾਂ ਜਿੱਤਾਂ ਜਿੱਤੀਆਂ,
ਕਿਰਤ ਕਰਦੀਆਂ, ਮਾਣ ਮੱਤੀਆਂ ਰੂਹਾਂ ਨੂੰ ਤਾਂ
ਲੋੜ ਰੱਬ ਦੀ ਵੀ ਨਾ ਭਾਸੀ ।

ਫਿਰ ਇੱਕ ਆਬਣ ਗੋਰੀ ਚਮੜੀ ਆਈ ਪ੍ਰਾਹੁਣੀ
ਕਪਟ, ਸ਼ਰਾਬ, ਬਰੂਦ ਲਿਆਈ,
ਰੋਗ, ਰੱਬ ਤੇ ਠੂਠਾ ਦੇ ਕੇ
ਮਾਣ, ਖ਼ੁਸ਼ੀ ਤੇ ਨਾਚ ਖੋਹ ਲਿਆ ।

ਧਰਤੀ ਦੇ ਵਾਰਸ ਤੋਂ ਉਸਦੀ
ਮਿੱਟੀ ਦਾ ਨਾਂ ਵੀ ਖੋਹ ਲੀਤਾ,
ਮਾਣ-ਭਰੀ ਮੁਸਕਾਣ ਕਦੇ ਫਿਰ
ਬੇਚਾਰੇ ਬੁੱਲ੍ਹੀਂ ਨਾ ਆਈ
ਅਜ ਉਹ ਅਪਣੇ ਦੇਸ 'ਚ ਗੁਮਿਆ ਪਰਦੇਸੀ ਹੈ ।

ਪਰ ਇਹ ਅਮਲੀ ਕਦੇ ਕਦੇ ਹੁਣ
ਅਪਣੀ ਅੱਖ ਪੱਟ ਕੇ ਵੀ ਦੇਖੇ,
ਕਦੇ ਕਦੇ ਮੂੰਹੋਂ ਵੀ ਬੋਲੇ ।
ਕਦੇ ਉੱਠ ਕੇ ਨੱਚ ਵੀ ਪੈਂਦਾ ।



## ਨੀਂਦ

ਨੀਂਦ ਦੀ ਗੱਲ ਕੁੜੀ ਵਰਗੀ ਹੈ
ਜਦ ਬੁਲਾਓ ਤਾਂ ਕੋਲ ਨਾ ਆਵੇ,
ਜਦੋਂ ਤੋਰੋ ਤਾਂ ਅਪਣੀਆਂ ਤਲੀਆਂ
ਦੋਹਾਂ ਅੱਖਾਂ 'ਤੇ ਰੱਖ ਦੇਂਦੀ ਹੈ,
ਜਦੋਂ ਆਵੇ ਤਾਂ ਸੁਪਨਿਆਂ ਅੰਦਰ
ਦਿਲ ਦੀ ਦੁਨੀਆਂ ਨੂੰ ਡੋਬ ਦੇਂਦੀ ਹੈ।

ਜਦੋਂ ਪਰ ਆਉਂਦਿਆਂ ਹੀ ਮੁੜ ਜਾਵੇ
ਕੀਚਰਾਂ ਤੇਜ਼ ਕੱਚ ਸੱਚ ਦੀਆਂ
ਸਾਰੇ ਜੁੱਸੇ 'ਚ ਛੱਡ ਜਾਂਦੀ ਹੈ,
ਹੱਥ ਆਪਣੇ ਵੀ ਮਲ ਨਹੀਂ ਸਕਦੇ।

## ਕੁਰਖੇਤਰ

ਲੋਅ ਦੇ ਆਸ਼ਕ ਮਿੱਤਰੋ !
ਧੁੰਦ ਚੀਰੋ ਤਾਂ ਰਤਾ ਵਿਸ਼ਵਾਸ ਦੀ
ਇਸ਼ਟ ਦੇ ਟੂਣੇ 'ਚ ਭਾਵੇਂ ਸ਼ਾਂਤੀ,
ਕ੍ਰਾਂਤੀ ਕਲਿਆਣ ਹੈ।

ਅੱਜ ਸੈਨਾ ਵਿਚ ਹਲਚਲ ਹੈ ਬੜੀ
ਹਰ ਕੁਈ ਸੈਨਾਪਤੀ
ਪਰ ਕੁਈ ਸੈਨਕ ਨਹੀਂ।

ਏਸ ਕੁਰਖੇਤਰ 'ਚ ਤੇਗਾਂ ਦੀ ਜਗ੍ਹਾ
ਸ੍ਵਰਨ ਮੋਹਰਾਂ ਦੀ ਬੜੀ ਖਣਕਾਰ ਹੈ।

ਅੱਜ ਹਰ ਪਾਂਡਵ ਦੇ ਬੁੱਲ੍ਹੀਂ
ਸਿਰਫ਼ 'ਮੈਂ' ਦਾ ਜ਼ਿਕਰ ਹੈ
ਹਰ ਕਿਸੇ ਨੂੰ ਮੁਕਟ ਆਪਣੇ ਦੀ ਚਮਕ ਦਾ ਫ਼ਿਕਰ ਹੈ
ਤੇ ਕੋਈ ਗਿਰਧਰ ਨਹੀਂ।



# ਗਿੱਲਮੋਰਾਂ ਵਾਲੀ

## ਗਜ਼ਲ

ਖਿਆਲ ਉਸਦੇ ਹੁਣ
ਸਤਾਉਂਦੇ ਬੜਾ ਨੇ।
ਉਸ ਦੀ ਤਰ੍ਹਾਂ ਹੀ
ਸ਼ਰਮਾਉਂਦੇ ਬੜਾ ਨੇ।

ਖ਼ੁਦਾ ਹੀ ਜਾਣੇ
ਅਸੀਂ ਬਣਾਂਗੇ ਕਦੋਂ
ਲੋਕਾਂ 'ਚ ਮਾੜਾ
ਬਣਾਉਂਦੇ ਬੜਾ ਨੇ।

ਉਸ ਨੂੰ ਹਾਏ
ਕੀ ਪਤਾ ਤਰੀਫ ਦਾ —
ਹੁਸਨ ਨੂੰ ਜਿਹੜੇ
ਛੁਪਾਉਂਦੇ ਬੜਾ ਨੇ।

ਕਸਮ ਮੇਰੇ ਦੋਸਤਾ
ਨਾ ਝੂਠ ਜਾਣੀ
ਤੇਰੇ ਹੀ ਸੁਪਨੇ —
ਆਉਂਦੇ ਬੜਾ ਨੇ।

ਖਾਲੀ ਹੀ ਹਮੇਸ਼ਾ
ਰਹਿੰਦੇ ਨੇ ਆਸ਼ਕ
ਭਾਵੇਂ ਇਸ਼ਕ 'ਚ
ਕਮਾਉਂਦੇ ਬੜਾ ਨੇ।

## ਗ਼ਜ਼ਲ

ਬੁਲ੍ਹਾਂ 'ਚ ਤੇਰਾ ਹੀ
ਨਾਮ ਆਉਂਦਾ ਹੈ !
ਇਹੋ ਭੈੜਾ ਸੁਭਾ
ਸ਼ਾਮ ਆਉਂਦਾ ਹੈ ।

ਨਿੱਤ ਹੀ ਸਾਨੂੰ
ਪੈਗਾਮ ਆਉਂਦਾ ਹੈ ।
ਕਿਸੇ ਦਾ ਪੱਤਰ
ਗੁਮਨਾਮ ਆਉਂਦਾ ਹੈ ।

ਇਹੋ ਸੁਪਨਾ ਨਹੀਂ
ਸੁਤਿਆਂ ਨੂੰ ਆਵੇ —
ਖਿਆਲ ਤੇਰਾ
ਸ਼ਰ੍ਹੇ-ਆਮ ਆਉਂਦਾ ਹੈ ।

ਪੁੱਜ ਗਏ ਨੇ ਲੋਕੀਂ
ਚੰਦ ਤੇ ਦੋਸਤਾ —
ਦਿਲ ਤੇਰੇ ਦਰੋਂ
ਨਾਕਾਮ ਆਉਂਦਾ ਹੈ ।

ਕਹਿੰਦੇ ਨੇ ਮੰਦਰਾਂ ਚੋਂ
ਰੱਬ ਮਿਲਦਾ —
'ਗਿੱਲ' ਤਾਂ ਮੁੜਿਆ
ਉਪਰਾਮ ਆਉਂਦਾ ਹੈ ।



## ਗ਼ਜ਼ਲ

ਬੁਝ ਗਿਆ ਸਿਤਾਰਾ
ਮੇਰੀ ਤਕਦੀਰ ਦਾ ।
ਲੈਣਾ ਬਾਕੀ ਰਹਿੰਦਾ
ਸਾਹ ਅਖੀਰ ਦਾ ।

ਨਾ ਮਾਰੋ ਇਸ ਤਰ੍ਹਾਂ
ਤੜਫਾਕੇ ਮੈਨੂੰ
ਦੋਸਤੋ ਛੇਤੀ ਕਰੋ
ਵਾਰ ਸ਼ਮਸ਼ੀਰ ਦਾ ।

ਆਪਣੀ ਚਮੜੀ
ਕਫ਼ਨ ਬਣੇਗੀ ਆਪਣਾ —
ਨਿਕਲੇਗਾ ਜਨਾਜ਼ਾ
ਜਿਸ ਸਮੇਂ ਫ਼ਕੀਰ ਦਾ

ਦੇਖ ਜਾਵੀਂ ਨਜ਼ਾਰਾ
ਇਸ ਜਨਾਜ਼ੇ ਦਾ —
ਹੋਵੇਗਾ ਮੇਲਾ
ਇਸ ਤਰ੍ਹਾਂ ਅਖੀਰ ਦਾ

ਜਲਦਾ ਜਦੋਂ ਹੋਵੇਗਾ
ਸਰੀਰ ਮੇਰਾ —
ਕੀ ਬਣੇਗਾ ਦਿਲ ਵਿੱਚ
ਉਸਦੀ ਤਸਵੀਰ ਦਾ ।

## ਗਜ਼ਲ

ਤੜਫ ਕੇ ਜੀ ਲਿਆ
ਰੋ ਕੇ ਗੁਜ਼ਾਰ ਲਈ।
ਪੀੜ ਆਪਣੀ ਆਪ ਹੀ
ਜ਼ਖਮਾਂ ਨੇ ਮਾਰ ਲਈ।

ਦਿੱਲ ਨੂੰ ਹੌਸਲਾ ਹੁਣ
ਗਮ ਦਾ ਹੀ ਹੈ —
ਜਿਸ ਤਰ੍ਹਾਂ ਗੁਜਰੀ
ਜ਼ਿੰਦਗੀ ਗੁਜਾਰ ਲਈ।

ਕਿਸ ਤਰ੍ਹਾਂ ਵੰਡਾਵੇ
ਕੋਈ ਕਿਸੇ ਦਾ ਦਰਦ —
ਹਰ ਜਗ੍ਹਾ ਤੇ ਹੋਣੀ
ਖੜੀ ਤਲਵਾਰ ਲਈ।

ਫਖ਼ਰ ਸੀ ਕਿਨਾਰੇ ਤੇ
ਸਹਾਰੇ ਦੀ ਆਸ ਦਾ
ਆਪ ਹੀ ਕਿਨਾਰਾ
ਆ ਗਿਆ ਮੰਝਧਾਰ ਲਈ।

ਹਟ ਪਰ੍ਹੇ ਦੋਸਤਾ
ਸੂਲੀ ਤੇ ਮੈਂ ਚੜ੍ਹਾਂ
ਸ਼ਾਇਦ ਖੜੀ ਹੈ
ਮੌਤ ਹੀ ਬਹਾਰ ਲਈ।



# ਜਸਬੀਰ ਗੁਰਮ

## ਟਾਹਲੀ ਦੀ ਛਾਂ

ਟਾਹਲੀ ਦੀ ਛਾਂ ਗੂੜ੍ਹੀ ਤੱਕ
ਅਸੀਂ ਉਸਦਾ ਜਾਮਾ ਪਾ ਬੈਠੇ।
ਲੋਕਾਂ ਨੂੰ ਛਾਂ ਦੇਣੇ ਲਈ
ਅਸੀਂ ਖ਼ੁਦ ਹੱਡੀਂ ਘੁਣ ਲਾ ਬੈਠੇ।
ਵਹਿਣਾਂ ਦੇ ਵਿੱਚ ਰੁੜ੍ਹ ਕੇ ਤੇ
ਅਸੀਂ ਅੱਗੇ ਬਾਰੇ ਤੱਕਿਆ ਨਹੀਂ।
ਕੀ ਅੱਗੇ ਨੂੰ ਹੋ ਜਾਣਾਂ ਏ ?
ਅਸੀਂ ਇਸ ਦੀ ਖਬਰ ਭੁਲਾ ਬੈਠੇ।
ਕਈ ਕਿੱਕਰਾਂ ਨੇ ਘਰ ਆ ਆ ਕੇ
ਸਾਨੂੰ ਚਾਹ ਦੇ ਸੱਦੇ ਦਿੱਤੇ ਸਨ।
ਕਈ ਨਿੰਮਾ ਸਾਨੂੰ ਰਾਹਾਂ ਵਿੱਚ
ਖੜ੍ਹ ਖੜ੍ਹ ਕੇ ਸਿਜਦੇ ਕੀਤੇ ਸਨ।
ਕੰਡਿਆਂ ਕੁੜੱਤਣਾਂ ਤੋਂ ਡਰਦੇ
ਅਸੀਂ ਆਪਾ ਅੱਜ ਰੁਲਾ ਬੈਠੇ।

# ਜਰਨੈਲ ਸਿੰਘ

## ਕਿਸ ਦਾ ਗੋਸ਼ਤ ?

ਵਕਤ ਦਾ ਘੋੜਾ
ਘਾਹ ਦੇ ਮੈਦਾਨਾਂ 'ਚ
ਜਾੜ-ਬੀਆ-ਬਾਨਾਂ 'ਚ
ਚੁੱਗਦਾ ਰਹਿੰਦਾ
ਇਕ ਦਿਨ ਮੈਂ
ਪ੍ਰਗਤੀ ਦੀ ਛੁੱਰੀ ਲੈ
ਸਦੀਆਂ ਦਹਾਕਿਆਂ ਦਾ ਕਲਮਾ ਪੜ੍ਹ
ਇਸਨੂੰ ਜਿਬਾਹ ਕੀਤਾ
ਤੇ ਇਸਦਾ ਰੱਤਾ ਗੋਸ਼ਤ
ਆਪਣੀ ਜਿਨਸ ਵਿਚ ਵੰਡਿਆ
ਉਸ ਰਾਤ ਅਚਾਨਕ
ਸੱਤ-ਯੁੱਗ, ਦੁਆਪਰ, ਤਰੇਤੇ ਦੀ ਮੌਤ ਹੋਈ
ਸਮੇਂ ਦੇ ਅਚੇਤ ਘੋੜੇ 'ਚ
ਜੁੱਗਾਂ ਦੀ ਜਾਣ ਸੀ ।
ਘੋੜੇ ਨੂੰ ਜਿਬਾਹ ਕਰ
ਮੈਂ ਇਸਦੀ ਕਾਠੀ
ਆਪਣੀ ਪਿੱਠ ਤੇ ਰਖੀ
ਫਿਰ ਤਕਨੀਕੀ ਯੁੱਗ 'ਚ
ਤਕਨੀਕ ਦੀ ਆੜ ਲੈ
ਮੈਂ ਵਕਤ ਨੂੰ ਕਤਲ ਕੀਤਾ
ਤੇ ਸਦੀਆਂ, ਦਹਾਕਿਆਂ ਦੀ ਥਾਂ
ਮਿੰਟਾਂ ਸਕਿੰਟਾਂ 'ਚ ਵੰਡਿਆ
ਵਕਤ ਨੂੰ ਕਤਲ ਕਰ



ਮੈਂ ਦਿਸ਼ਾ-ਹੀਣ ਹੋ ਗਿਆ
ਹੁਣ ਮੇਰੇ ਗਿਰਦ ਹਰ ਮਸ਼ੀਨ 'ਚੋਂ
ਮੇਰੇ ਸੜ ਰਹੇ ਗੋਸ਼ਤ ਦੀ
ਬੋ ਆ ਰਹੀ ਏ ।

## ਕ੍ਰਾਂਤੀ ਦੇ ਭੁਲੇਖੇ

ਯਾਰ ! ਤੇਰੇ ਮੇਰੇ ਦੇਸ਼ ਅੰਦਰ
ਕ੍ਰਾਂਤੀ ਦੇ ਭੁਲੇਖੇ 'ਚ ਪਾਈ
ਲੋਕਾਈ ਦੀ ਗਾਥਾ
ਮੱਕੜ-ਜਾਲ 'ਚ ਫੱਸ ਮੋਏ
ਕੀਟਾਂ ਦੀ ਹੋਣੀ ਦੀ
ਗਾਥਾ ਵਰਗੀ
ਕੁੱਖ-ਝੱਨਾਂ ਵਿਚ ਡੁੱਬ ਮੋਈ
ਸੋਹਣੀ ਦੀ ਗਾਥਾ ਵਰਗੀ

ਹਰ ਸੁਬਾਹ, ਹਰ ਸ਼ਾਮ
ਮਿੱਟੀ ਗਾਰੇ ਦੇ ਘਰਾਂ ਅੰਦਰ
ਜਾਂ ਕਈ ਲੱਖ ਗਰਾਂ ਅੰਦਰ
ਜਦ ਰੇਡੀਓ ਬੋਲਦਾ ਹੈ
ਤਾਂ ਕੋਈ ਰਾਜ-ਰਾਣੀ ਦਾ ਕਾਹਿੰਦਾ
ਜਾਂ ਭੁੱਖ ਤੋਂ ਅਨ-ਜਾਣ ਪਰਿੰਦਾ
ਚਿੱਟੇ-ਹਰੇ ਇਨਕਲਾਬ ਦਾ
ਕੁੱਫ਼ਰ ਤੋਲਦਾ ਹੈ ।

ਤੇ ਹਰ ਸੁਬਾਹ, ਹਰ ਸ਼ਾਮ
ਚਿੱਟੇ ਯੱਗ ਦੇ ਬਸਤਰ ਵਾਂਗੂ

ਇਸ ਕ੍ਰਾਂਤੀ ਦੇ ਅਰਥ
ਬਦਲ ਜਾਂਦੇ ਨੇ
ਉਂਜ ਤੂੰ ਇਸਨੂੰ
ਕ੍ਰਾਂਤੀ ਦੇ ਅਰਥਾਂ ਦੀ ਭ੍ਰਾਂਤੀ
ਵੀ ਕਹਿ ਸਕਦਾ ਹੈਂ।

ਐਵੇਂ ਇਸਦੇ ਅਰਥ ਲੱਭਣ ਤੇ
ਸਮਾਂ ਨਾ ਗਵਾ
ਦੋ ਅੱਖਰਾਂ ਵਿਚ ਗੱਲ ਮੁਕਾ
ਇਸ ਕ੍ਰਾਂਤੀ 'ਚ ਹੈ ਨਹੀਂ
ਧਾਣ ਨੂੰ ਖ਼ਾਂਦੇ ਤੀਲਿਆਂ ਦੀ ਗੱਲ
ਨਾ ਯੱਗ ਚਿੱਟੇ-ਪੀਲਿਆਂ ਦੀ ਗੱਲ

ਗੁਰੂ ਤੋਂ ਬਿਨਾਂ ਲੱਘੂ ਦਾ ਇਹ ਪਸਾਰਾ
ਮਿੱਟ ਚੁੱਕੀ ਭੁੱਖ ਦਾ ਭੁਲੇਖਾ
ਤੇ ਦੁੱਧ ਦੀ ਨਦੀ ਦਾ ਨਜ਼ਾਰਾ
ਇਹ ਨਹੀਂ
ਕਾਗਜ਼ ਤੇ ਲਿਖ ਲਿਖ
ਛਪਾਉਣ ਲਈ ਗਾਥਾ
ਇਹ ਤਾਂ
ਪੌਣਾਂ ਦੇ ਹੱਥ
ਫੜਾਉਣ ਲਈ ਗਾਥਾ।



## ਲੋਹ ਰੁਬਾਟ

ਲੋਹ–ਨਗਰ ਵਿਚ
ਮੇਰੇ ਇਰਦ ਗਿਰਦ
ਹੇਠ ਉੱਪਰ
ਲੋਹਾ ਦੌੜਦਾ ਹੈ
ਹਰ ਸੁਬਾਹ ਹਰ ਸ਼ਾਮ
ਮੈਂ ਲੋਹੇ ਦੇ ਹੱਥਾਂ 'ਚ
ਸ਼ਤਰੰਜ ਦਾ ਮੋਹਰਾ ਬਣਕੇ
ਰਹਿ ਜਾਂਦਾ ਹਾਂ

ਲੋਹ-ਨਗਰ ਦੀ
ਲੋਹ-ਭੱਠੀ ਵਿਚ
ਮੈਂ ਲੋਹੇ ਦੇ ਸੰਗ
ਨਿੱਤ ਢੱਲਦਾ ਹਾਂ।

ਸਾਗਰ ਦੀ ਕੂਲੀ ਹਿੱਕ ਤੇ
ਜਾਂ ਗਗਨਾਂ ਦੀ ਵਾਯੂ ਉੱਤੇ
ਜਦ ਲੱਖਾਂ ਟੱਨ
ਲੋਹਾ ਤਰਦਾ ਹੈ
ਤਾਂ ਹੱਥ ਵਿਚ
ਆਪਣਾ ਦੀਪ ਫੜੀ
ਅਲਾਦੀਨ ਸ਼ਰਮ ਨਾਲ
ਡੁੱਬ ਮਰਦਾ ਹੈ

ਮੇਰੇ ਹਮ-ਜਿਨਸੋ !
ਮੇਰੇ ਅੰਦਰੋਂ
ਲਹੂ-ਮਾਸ ਦਾ
ਮੈਂ ਲੱਭਦੇ ਹੋ ?
ਲੋਹੇ ਦੇ ਰੁਬਾਟਾਂ ਅੰਦਰ
ਕਦ ਧੜਕੇ ਹਨ
ਦਿਲ ਰਕਤ ਦੇ ?

## ਹਾਲੀ ਮੇਰੇ ਯਾਰ

ਭੱਠ ਪਰਦੇਸ ਦੀ ਚਾਕਰੀ
ਭੱਠ ਵੇਸਵਾ ਦਾ ਵਿਹਾਰ
ਇਕ ਦਿਲ ਸਾਡਾ ਆਰ ਟੰਗਿਆ
ਇਕ ਦਿਲ ਸਾਡਾ ਪਾਰ
ਹਾਲੀ ਬਾਪ ਦੇ ਘਰ ਮੈਂ ਜੰਮਿਆਂ
ਹਾਲੀ ਮੇਰੇ ਯਾਰ
ਨਿੱਕੀ ਉਮਰੇ ਡੰਗਰ ਚਾਰੇ
ਪੈਰੀਂ ਪੁੜਦੇ ਖ਼ਾਰ
ਨੇਤਾ ਸਾਡੇ ਗੂੜ੍ਹ-ਗਿਆਨੀ
ਤੁਰਦਾ-ਫਿਰਦਾ ਖੱਦਰ-ਭੰਡਾਰ
ਕਹਿ ਅਹਿੰਸਾ, ਹਿੰਸਾ ਕਰਦੇ
ਹਾਕਮ ਟੂਣੇ-ਹਾਰ
ਅੰਨ੍ਹੀਂ ਰੱਈਅਤ, ਬੱਲ-ਵਿਹੂਣੀ
ਚਲਦੀ ਸਿਰ ਦੇ ਭਾਰ
ਵਰੋਧ-ਵਿਕਾਸ ਤਾਂ ਇਹੋ ਕਹਿੰਦਾ
ਹੱਥ ਵਿਚ ਲੈ ਹਥਿਆਰ
ਜ਼ੁਲਮ ਦੇ ਲੋਹ ਨੂੰ, ਲੋਹਾ ਕੱਟਦਾ
ਜਾਂ ਗੋਲੀਆਂ ਦੀ ਛਣਕਾਰ
ਭੱਠ ਪਰਦੇਸ ਦੀ ਚਾਕਰੀ
ਭੱਠ ਵੇਸਵਾ ਦਾ ਵਿਹਾਰ
ਇਕ ਦਿਲ ਸਾਡਾ ਆਰ ਟੰਗਿਆ
ਇਕ ਦਿਲ ਸਾਡਾ ਪਾਰ ।



# ਜੀਵਨ ਰਾਮਪੁਰੀ

## ਸੱਜਣਾਂ ਦੂਰ ਦਿਆ

ਕਿਸ ਰੋਂਦੇ ਪਿਆਰ ਵਿਰਾਣੇ !
ਭੱਠ ਪਏ ਮਿਲਖਾਂ ਦੀ ਖੱਟੀ ।
ਸਾਡੀ ਆਬ ਰੇਝੁਵੇਂ ਚੱਟੀ ।
ਰੋਗ ਨੇ ਇਹ ਅਣਜਾਣੇ ।
ਸੱਜਣਾਂ ਦੂਰ ਦਿਆ ;
ਸਾਵਣ ਮਾਂਹ ਕੋਇਲ ਦੀਆਂ ਕੂਕਾਂ ।
ਬ੍ਰਿਹਣ ਨੂੰ ਮਾਰਨ ਬੰਦੂਕਾਂ ।
ਕਿਸ ਇਹ ਦਰਦ ਵੰਡਾਣੇ । ਸੱਜਣਾਂ ... ...
ਅੰਬ ਸੰਧੂਰੀ, ਲੱਗਿਆ ਟੱਪਕਾ
ਰਾਤ ਦਿਨੇ ਮੈਨੂੰ ਇਹੋ ਖੱਟਕਾ
ਅੰਬ ਇਵੇਂ ਢੱਲ ਜਾਣੇ । ਸੱਜਣਾ ... ...
ਕੁਦਰਤ ਅੱਜ ਸੁਹਾਗਣ ਹੋਈ
ਪਿਆਰਾਂ ਦੀ ਹੁੱਲੀ ਖੁਸ਼ਬੋਈ
ਔਖੇ ਦਿਲ ਸਮਝਾਣੇ । ਸੱਜਣਾ ... ...
ਹੋਠਾਂ ਤੇ ਨੇ ਚੁੱਪ ਦੇ ਪਹਿਰੇ ।
ਦਿਲ ਦਰਿਆ ਸਮੁੰਦਰੋਂ ਗਹਿਰੇ ।
ਕੌਣ ਦਿਲਾਂ ਦੀਆਂ ਜਾਣੇ
ਸੱਜਣਾਂ ਦੂਰ ਦਿਆ
ਕਿਸ ਰੋਂਦੇ ਪਿਆਰ ਵਿਰਾਣੇ ।

## ਮੈਂ ਹਿੰਦੂ ਦਾ ਹਿੰਦੂ

ਮੈਂ ਹਿੰਦੂ ਦਾ ਹਿੰਦੂ ਰਿਹਾ ਉਮਰ ਭਰ
ਬਨਾਵਟ ਬਥੇਰਾ ਲੁਕਾਂਦੀ ਰਹੀ ।
ਛੁਪਾਇਆ ਨਾ ਛੁਪਿਆ ਇਹ ਅਸਲਾ ਕਦੇ
ਮੈ ਬਹੁ ਰੂਪ ਕਰਕੇ ਛੁਪਾਂਦੀ ਰਹੀ ।

# ਦਰਸ਼ਨ ਬੈਂਸ

## ਸੁਨੇਹਾ

ਮਾਏ ਨੀ ਮਾਏ !
ਤੇਰੇ ਵਤਨੋਂ ਇਕ ਰਾਹੀ ਆਇਐ
ਸੁਣਿਐ ਦੂਰ ਦੁਰਾਡੇ ਤੋਂ
ਇਕ ਸੁਨੇਹਾ ਲਿਆਇਐ ।

ਲੰਬੇ ਸਫ਼ਰ ਨੇ
ਉਹਦੇ ਬੁਲ੍ਹਾਂ ਦਾ ਰੰਗ ਫਿੱਕਾ ਕਰ ਦਿੱਤਾ
ਹਸਦੇ ਹੋਏ ਮੁਖੜੇ ਨੂੰ
ਝੁਰੜੀਆਂ ਨਾਲ ਭਰ ਦਿੱਤਾ ।

ਪਰ ਅੰਮੜੀਏ !
ਮੈਨੂੰ ਇਹ ਸੱਚ ਨਹੀਂ ਲਗਦਾ
ਕਿਉਂਕਿ ... ... ਇਹ 'ਸੱਚ' ਨਹੀਂ ।

ਉਹ ਦਸਦੈ :
ਗਰੀਬੀ ਅਮੀਰੀ ਦੋ ਤੱਕੜੀ ਦੇ ਪੱਲੇ
ਇਕ ਹੌਲਾ ਇਕ ਭਾਰੀ
ਭਾਰੀ ਦੇ ਵਿੱਚ ਸੋਨਾ ਚਾਂਦੀ
ਦੂਜੇ 'ਚ ਦਿਆਨਤਦਾਰੀ
ਹੌਲੇ ਪੱਲੇ ਦਾ ਕੋਈ ਗਾਹਕ ਨਾ ਬਣਦਾ
ਭਾਰੀ ਪੱਲੇ ਦੇ ਗਾਹਕ 'ਸਰਕਾਰੀ' ।
ਨੀ ਮਾਏ ! ਹੋਰ ਪਤੈ ਕੀ ਦਸਦੈ...?
ਕਹਿੰਦਾ :
ਇਕ ਮਿੱਟੀ ਦਾ ਕਟੋਰਾ
ਜੋ ਮਿਹਨਤੀ-ਮਜ਼ਦੂਰ ਦੇ ਖ਼ੂਨ ਨਾਲ
ਨੁਚੜ ਨੁਚੜ ਭਰ ਗਿਆ ।





'ਗਾਹਕ ਸਰਕਾਰੀ' ਉਹਨੂੰ ਗਟ ਗਟ ਪੀਕੇ
ਕਹਿੰਦਾ ਕਾਲਜਾ ਠਰ ਗਿਆ ।

ਅੰਮੜੀਏ !
ਇਹ ਕਿਹੋ ਜਿਹੀ ਗੱਲ !!
ਇਹ ਕਿਹੋ ਜਿਹੀ ਬਾਤ !!!
ਰਾਹੀ ਝਟ ਵਿਚ ਕਹਿ ਗਿਆ...?

ਮਾਂ ਤੂੰ ਕਹਿੰਦੀ ਸੀ ਮੈਨੂੰ ਵਤਨ ਦਿਖਾਏਂਗੀ
ਪਰ ਭੋਲੀਏ ਮਾਏ !
ਤੈਨੂੰ ਕੀ ਪਤੈ, ਮੇਰੇ ਦਿਲ ਨੂੰ ਕੀ ਕੀ ਹੋਇਐ
ਭੁਲ ਜਾ ਉਹ ਗੱਲਾਂ ਹੁਣ ਉਹ ਗੱਲਾਂ ਨਹੀਂ ਪਾਏਂਗੀ ।

ਉਸ ਰਾਹੀ ਦਾ ਸੁਨੇਹਾ
ਤੇਰੇ ਵਤਨ ਦਾ ਸੁਨੇਹਾ
ਮੇਰੇ ਦਿਲ ਵਿਚ ਖੁੱਭ ਗਿਆ —
ਕਾਸ਼ ਇਹ 'ਸੱਚ' ਨਾ ਹੁੰਦਾ
ਪਰ ਮਾਂ ਤੂੰ ਫਿਕਰ ਨਾ ਕਰ
ਮੈਨੂੰ ਬਹੁਤ ਕੁਝ ਸੁਝ ਗਿਆ ।



## ਧਰਤੀ ਮਾਂ

### (ਆਪਣੇ ਬੱਚੇ ਦੇ ਨਾਂ)

"ਮੰਮੀ ! ਉਹ ਬੁਧੀ ਮਾਈ ਜਾਂਦੀ,
ਮੈਨੂੰ **Bye--Bye** ਕਲਦੀ",
ਬੱਚੇ ਦਾ ਫਿਰ ਭੱਜ ਕੇ ਜਾਣਾ
ਬੁੱਢੀ ਨੇ ਫਿਰ ਮਿਲਾਉਣਾ
ਮੈਂ ਰੋਜ਼ ਦੇਖਦੀ।
ਜਰਮਨ ਬੁੱਢੀ ਜ਼ਬਾਨ ਹੁੰਦਿਆਂ ਵੀ ਬੇਜ਼ਬਾਨ
ਉਹ ਬਚਪਨ ਦੇ ਗੁਆਚੇ ਸੁਪਨੇ
ਹੁਣ ਕਿਥੇ ਕਿਥੇ ਲੱਭਦੀ
ਨਾ ਸਾਂਝੀ ਜ਼ਬਾਨ, ਨਾ ਲਭਦੇ ਉਹਦੇ ਹਾਣੀ
ਉਹਦੇ ਫਰਕਦੇ ਬੁਲ੍ਹ, ਤੇ ਅੱਖਾਂ 'ਚ ਪਾਣੀ
ਮੈਂ ਇਕੋ ਸਾਹ ਕੁਝ ਕਹਿਣਾ ਚਾਹੁੰਦੀ
'ਦੋ ਹਮਦਰਦੀ ਦੇ ਮਿੱਠੇ ਬੋਲ'
ਪਰ — ਨਾ ਸਾਂਝੀ ਜ਼ਬਾਨ, ਨਾ ਮੈਂ ਉਹਦੀ ਹਾਣੀ
ਤੇ ਸੁੰਨੀਆਂ ਅੱਖਾਂ ਤੇ ਸੁੰਨੀ ਕਹਾਣੀ
ਫੇਰ ਬੱਚੇ ਦੀ ਮੈਂ ਉਂਗਲ ਛੁਡਾਉਣੀ
ਫਿਰ ਉਹੀ ਤੋਤਲੀ ਅਵਾਜ਼ ਮੇਰੇ ਕੰਨਾਂ ਦੇ ਵਿੱਚ ਗੂੰਜ ਉੱਠਦੀ
"ਮੰਮੀ ਉਹ ਬੁਧੀ ਮਾਈ ਜਾਂਦੀ,
ਮੈਨੂੰ ਬਾਏ ਬਾਏ ਕਲਦੀ"
ਇਕ ਦਿਨ ਜਦੋਂ ਪਾਰਕ ਦੇ ਵਿੱਚ
ਬੱਚੇ ਨੂੰ ਮੈਂ ਝੂਟੇ ਮਾਟੇ ਦੇਵਾਂ
"ਮੰਮੀ ! ਬੁਧੀ ਮਾਈ ਦੇ ਘਰ ਤਲਈ"
ਮੇਰੇ ਹੋਠ ਵੀ ਹਾਮੀ ਭਰ ਗਏ
'ਚਲੋ ਬੇਟਾ ਚਲੀਏ'
ਉਫ ! ਇਹ ਕੀ ਅੱਖਾਂ ਅਗੇ ਹਨੇਰਾ
ਸਚਮੁੱਚ ਅੱਜ ਮੇਰੇ ਬੱਚੇ ਦੀ ਬੁੱਢੀ ਮਾਈ ਦੀ
ਆਖਿਰੀ ਮਿਲਣੀ



ਅੱਜ ਉਹਦੇ ਲੋਕ ਸਦੀਵੀ ਸੁੱਤੀ ਬੁੱਢੀ ਮਾਈ ਨੂੰ
ਜਰਮਨ ਲੈ ਗਏ
ਹੁਣ ਉਹਦੀ ਕਬਰ ਉਹਦੇ ਹਾਣੀ ਕਬਰਾਂ ਦੀ ਸਾਥਣ ਹੋਵੇਗੀ।
ਉਹਦੇ ਪਿੰਡ ਦੇ ਲੋਕ ਇਕੱਠੇ ਹੋ ਕੇ ਵਿਛੋੜੇ ਦੇ ਗੀਤ ਗਾਉਣਗੇ
ਬਚਪਨ ਵਿੱਚ ਲੋਰੀਆਂ ਦਿੰਦੀ ਉਹਦੀ ਜਨਮ ਦਾਤਾ ਧਰਤੀ।
ਅੱਜ ਉਹਦੀਆਂ ਹੀ ਬਾਹਵਾਂ ਵਿੱਚ
ਸੁੱਖ ਦੀ ਗੂਹੜੀ ਨੀਂਦ !
ਉਹਦਾ ਅਤਿ — ਪਿਆਰਾ ਸੁਪਨਾ ਅੱਜ ਪੂਰਾ ਹੋ ਗਿਆ।
ਹੁਣ ਵੀ ਜਦੋਂ ਮੈਂ ਉਥੋਂ ਲੰਘਾਂ
ਮੇਰੇ ਬੱਚੇ ਦੇ ਨਿੱਕੇ ਬੋਲ
"ਮੇਰੀ ਬੁਧੀ ਮਾਈ ਦਾ ਘਲ ਆ ਗਿਆ
ਮੇਰੀ ਬੁਧੀ ਮਾਈ ਕਿਥੇ ਗਈ"
"ਆਪਣੀ ਧਰਤੀ ਮਾਂ ਕੋਲ ਗਈ"
"ਮੰਮੀ ਤੂੰ ਵੀ ਧਲਤੀ ਮਾਂ ਕੋਲ ਜਾਣੈ ?"
ਮੇਰੀ ਇਕੋ ਚੁੱਪ ਮੈਨੂੰ ਅੰਦਰੋਂ-ਅੰਦਰ ਖਾ ਜਾਂਦੀ।

## ਨਵਤੇਜ ਭਾਰਤੀ

### ਬੇ-ਰਾਹੇ ਮੇਰੇ ਪੈਰ

ਮਸਾਂ ਮਸਾਂ ਮੈਂ ਪੈਰਾਂ ਨਾਲੋਂ
'ਰਾਹ' ਦੇ ਸੰਗਲ ਤੋੜੇ
ਪਹਿਲੀ ਵਾਰੀ ਧਰਤੀ ਛੋਹੀ
ਕੰਡੇ ਕੰਕਰ ਰੋੜੇ
ਪਹਿਲਾ ਡੰਗ ਮਿੱਟੀ ਦਾ ਵੱਜਾ
ਚਾਨਣ ਵਰਗਾ ਜ਼ਹਿਰ

ਰਾਹ ਤੇ ਥਾਂ ਥਾਂ ਮਿੱਠੀ ਬਉਲੀ
ਬਿਰਛੀਂ ਲਟਕਣ ਛਾਵਾਂ
ਸੰਗੀ ਸਾਥੀ ਮੰਜ਼ਿਲ ਪੱਕੀ
ਵਤਨੋਂ ਆਉਣ ਹਵਾਵਾਂ
ਪਰ ਪੈਰਾਂ ਵਿੱਚ ਵਾ-ਵਰੋਲੇ
ਭਾਲਣ ਬਿਖੜੇ ਸ਼ਹਿਰ

ਸੁੰਨ ਮਸੁੰਨੀ ਭਖਦੀ ਰੋਹੀ
ਕੇਸੂ ਹਾਕਾਂ ਮਾਰੇ
ਨੰਗੇ ਧੜ ਸੂਰਜ ਸੰਗ ਭਿੜਕੇ
ਜਾਣਾ ਯਾਰ ਦੁਆਰੇ
ਬਲਦੇ ਕੇਸੂ ਹੇਠਾਂ ਖੜਕੇ
ਕੱਟਣੀ ਤਿਖੜ ਦੁਪਹਿਰ

ਪੈੜਾਂ ਉੱਤੇ ਪੈਰ ਨਾ ਧਰਨਾ
ਆਪਣੀ ਪੈੜ ਨਾ ਪਾਉਣੀ
ਹੱਥਾਂ ਨਾਲ ਬਣਾਕੇ ਮੂਰਤ
ਪੈਰਾਂ ਨਾਲ ਮਿਟਾਉਣੀ
ਬੇਰਾਹੀਆਂ ਦੀ ਹੋਣੀ ਵੀ ਏ
ਅਣਹੋਣੀ ਦਾ ਕਹਿਰ



### ਉਸ ਅਨੰਤ ਛਿਣ ਵਿੱਚ

ਉਸ ਅਨੰਤ ਛਿਣ ਵਿੱਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਨਦੀ ਬਾਹਾਂ 'ਚ ਚੁੱਕੀ
ਹੋਂਦ ਦੇ ਰੇਗਿਸਤਾਨਾਂ 'ਚ
ਤੁਰਿਆ ਫਿਰਦਾ
ਬਲਦੀਆਂ ਰੇਤਾਂ 'ਚ
ਪਾਣੀ ਦੀ ਬੂੰਦ ਲਈ
ਤਰਸ ਤਰਸ ਮਰੀਆਂ ਸਦੀਆਂ ਨੂੰ
ਉਠਾ ਉਠਾ ਕੇ ਪਾਣੀ ਪਿਆਉਂਦਾ
ਮੈਂ ਅੱਗੇ ਅੱਗੇ ਤੁਰਦਾ
ਮੇਰੇ ਮਗਰ ਮਗਰ
ਹਿਰਨੀਆ ਵਾਂਗ ਬੂਥੀਆਂ ਚੁੱਕੀ
ਤੁਰੀਆਂ ਆਉਂਦੀਆਂ ਸਦੀਆਂ

ਉਸ ਅਨੰਤ ਛਿਣ ਵਿੱਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ
ਮੈਂ ਭੇਡਾਂ ਚਾਰਦੇ ਇਆਲੀਆਂ ਨੂੰ
ਖੜ ਕੇ ਪੁੱਛਦਾ :
"ਬੇਲੀਓ ! ਆਹ ਪੈੜ ਕਿਸਦੀ
ਮੇਰੇ ਅੱਗੇ ਅੱਗੇ ਤੁਰੀ ਜਾਂਦੀ ?"
ਆਖਦੇ ਉਹ —
ਤਿੱਖੜ ਦੁਪਹਿਰੇ
ਇਕ ਫ਼ਕੀਰਨੀ ਜਿਹੀ
ਖੁੱਲੇ ਵਾਲਾਂ ਵਾਲੀ
ਪਰਲੇ ਟਿੱਬਿਆਂ ਤੋਂ ਆਉਂਦੀ

ਤੇ ਪਾਣੀ ਨੂੰ ਹਾਕਾਂ ਮਾਰਦੀ
ਵਰੋਲੇ 'ਚ ਉਭਲ ਹੋ ਜਾਂਵਦੀ

ਮੈਨੂੰ ਵੀ ਕਦੇ ਕਦੇ
ਉਸਦੀ ਹਾਕ ਸੁਣਦੀ
ਕਦੇ ਕਦੇ ਕਿਸੇ ਪੈੜ ਵਿੱਚੋਂ
ਕੋਈ ਤਿਰਹਾਈ ਸੂਰਤ
ਉਠ ਖੜਦੀ
ਤੇ ਛਿਪਨ ਛੋਤ ਹੋ ਜਾਂਦੀ
ਮੈਂ ਬਾਹਾਂ 'ਚ ਨਦੀ ਚੁੱਕੀ
ਭਾਲਦਾ ਫਿਰਦਾ ਥਲ ਦੀ ਰੂਹ ਨੂੰ
ਮੈਂ ਕਦ ਮਿਲਾਂਗਾ ਉਸ ਨੂੰ ?

ਉਸ ਅਨੰਤ ਛਿਣ ਵਿਚ
ਮੇਰੀਆਂ ਬਾਹਾਂ 'ਚ
ਇਕ ਨਦੀ ਲਹਿਰ ਲਹਿਰ ਵਗਦੀ





## ਸੁਪਨ-ਸੱਚ

ਟਿਕੀ ਰਾਤ
ਮੈਂ ਉਸਦੇ ਸਿਰਹਾਣੇ ਜਾ ਖੜਾ
ਖੁੱਲੇ ਕੇਸ, ਇੱਕ ਹੱਥ ਸੀਨੇ ਤੇ
ਉਹ ਚਾਨਣੀ 'ਚ ਲਿਪਟੀ
ਅਣਭੋਲ ਸੁੱਤੀ ਪਈ ਸੀ
ਉਸਦੇ ਹੋਠਾਂ ਤੇ
ਮੱਧਮ ਜਿਹੀ ਮੁਸਕਰਾਹਟ ਸੀ
ਮਸਤਕ ਤੇ ਇੱਕ ਲਿਟ ਖੇਲ ਰਹੀ ਸੀ
ਮੈਂ ਸੁੱਤੀ ਸੁੰਦਰਤਾ ਦੇ
ਅਦਬ ਵਿਚ ਖੜ ਗਿਆ
ਮੇਰਾ ਜੀਅ ਕੀਤਾ
ਕਿ ਉਸ ਅਲਕਾ ਨਾਲ ਖੇਲਣ ਲੱਗ ਜਾਵਾਂ
ਤੇ ਇਸ ਚੰਦਰਮਾ 'ਤੇ
ਇੱਕ ਭਰਪੂਰ ਨਿੱਘਾ ਚੁੰਮਣ ਦਿਆਂ
ਮੈਂ ਝੁਕਣ ਹੀ ਲੱਗਾ ਸੀ
ਕਿ ਇੱਕ ਤਾਰਾ ਟੁੱਟ ਕੇ
ਬੁਝ ਗਿਆ
... ... ... ...
ਇਹ ਕਿਤੇ ਸੁਪਨਾ ਤਾਂ ਨਹੀਂ
ਜੋ ਹੱਥ ਲਾਇਆਂ ਬਿਨਸ ਜਾਵੇ
ਮੈਂ ਮਲਕੜੇ ਜਿਹੇ ਬੈਠ ਗਿਆ
ਉਸ ਮਹਾਂ-ਰਹੱਸ ਦੇ ਸਿਰਹਾਣੇ
ਉਸ ਸੁਪਨ-ਸੱਚ ਦੇ ਨੇੜੇ
ਦੂਰ ਕਿਤੇ ਕੋਈ ਪੰਛੀ ਕੁਰਲਾਇਆ
... ... ... ...



ਮੈਂ ਅਛੋਪਲੇ ਜਿਹੇ
ਉਸਦੇ ਕੰਨ ਵਿੱਚ ਕਿਹਾ
ਸੁੰਦਰਾਂ ! ਮੈਂ ਜਾਣ ਲੱਗਾ ਹਾਂ
ਮੇਰਾ ਵੇਲਾ ਹੋ ਗਿਆ ਹੈ

ਤੂੰ ਸਵੇਰੇ ਉਠ ਕੇ ਸੋਚੇਂਗੀ
ਕਿਹਾ ਅਜੀਬ ਸੁਪਨਾ ਸੀ
ਪਰ ਤੈਨੂੰ ਕੌਣ ਦੱਸੇਗਾ
ਕਿ ਇਹ ਸੁਪਨਾ ਨਹੀਂ ਸੀ
ਇਹ 'ਸੱਚ' ਸੀ
ਜੋ ਸੁੱਤੀ ਸੁੰਦਰਤਾ ਦੇ ਸਿਰਹਾਣੇ
ਆ ਕੇ ਮੁੜ ਜਾਂਦਾ ਹੈ ।



## ਗੁੰਗੇ ਅੱਖਰ

ਦੂਰ ਪਰਦੇਸੀਂ ਮੇਰਾ ਜਿੰਦੂ ਵੇ ਸੁਣੀ ਦਾ,
ਦੂਰ ਪਰਦੇਸੀਂ ਮੇਰੀ ਜਾਨ ।
ਅੱਖਰ ਨਿਮਾਣੇ ਨਿਰਾ ਦੁੱਖ ਸੁੱਖ ਫੋਲਦੇ,
ਅੱਖਰਾਂ ਦੀ ਗੁੰਗੀ ਵੇ ਜ਼ੁਬਾਨ ।
ਨਾ ਤਾਂ ਮੈਂ ਬੀਬਾ ਤੈਨੂੰ ਦੁੱਖ ਸੁੱਖ ਭੇਜਣਾ,
ਨਾ ਸੁੱਖ ਸਾਂਦ ਦਾ ਬਿਆਨ ।
ਮੈਂ ਤਾਂ ਤੈਨੂੰ ਭੇਜਣਾ ਈ ਸੁੱਚਾ ਸੁੱਚਾ ਅੱਥਰੂ,
ਨੈਣਾਂ ਵਿਚ ਲਟਕੇ ਜੋ ਆਣ ।
ਮੈਂ ਤਾਂ ਤੈਨੂੰ ਭੇਜਣੀ ਜੋ ਕਦੇ ਕਦੇ ਟਹਿਕਦੀ,
ਸੁੰਞੇਂ ਸੁੰਞੇਂ ਹੋਠੀਂ ਮੁਸਕਾਨ ।
ਕੀਹਦੇ ਹੱਥ ਭੇਜਾਂ ਇਹ ਮਲੂਕ ਜਿੰਦਾਂ ਜਾਨੀਆਂ,
ਪਲ ਵਿੱਚ ਹੋਣ ਜੋ ਵਿਰਾਨ ।
ਅੱਖਰ ਨਿਮਾਣੇ ਨਿਰਾ ਦੁੱਖ ਸੁੱਖ ਫੋਲਦੇ,
ਅੱਖਰਾਂ ਦੀ ਗੁੰਗੀ ਵੇ ਜ਼ੁਬਾਨ ।

## ਮੈਂ ਮਿਰਤੂ ਦਾ ਤਾਲਬ ਹਾਂ

ਮੈਂ ਉਸ ਬਿਜਲੀ ਦਾ ਤਾਲਬ ਹਾਂ
ਜੋ ਮੈਨੂੰ ਫ਼ਨਾਹ ਕਰ ਦੇਵੇ
ਇਹ ਤਨ ਮੇਰਾ, ਮਨ ਮੇਰਾ, ਰੂਹ ਮੇਰੀ
ਮੇਰੀ ਨਹੀਂ, ਇਹ ਕਿਸੇ ਹੋਰ ਨੇ ਸਿਰਜੀ ਹੈ
ਜੋ ਮੌਤ ਆਵੇਗੀ ਉਹ ਮੇਰੀ ਨਹੀਂ ਹੋਵੇਗੀ।
ਮੈਂ ਉਸ ਬਿਜਲੀ ਦਾ ਤਾਲਬ ਹਾਂ
ਜੋ ਇਸ ਮਾੜੀ ਨੂੰ ਫ਼ਨਾਹ ਕਰ ਦੇਵੇ
ਮੈਂ ਇਸ ਰਾਖ਼ 'ਚੋਂ ਫਿਰ ਜਨਮ ਲਵਾਂਗਾ
ਆਪਣੇ ਆਪ ਨੂੰ
ਆਪਣੇ ਲਈ ਸਿਰਜਾਂਗਾ
ਕੋਈ ਬਿਜਲੀ
ਮੈਨੂੰ ਫ਼ਨਾਹ ਕਰ ਦੇਵੇ

## ਬਲਦੇਵ ਚੀਮਾਂ

### ਨਾਟਕ

ਇਹ ਨਾਟਕ ਹੋਵੇਗਾ
ਲੋਅ ਹੋਣ ਤੱਕ
ਹੁਣ ਸੋਮ ਨਾਥ ਦਾ ਮੰਦਰ ਲੁੱਟਣ
ਗਜ਼ਨਵੀ ਕਾਬਲੋਂ ਨਹੀਂ ਆਉਂਦਾ
ਇਥੋਂ ਹੀ ਕੋਈ ਲੁਟੇਰੇ ਦਾ ਅਭਿਨੈ ਕਰ ਲੈਂਦਾ ਹੈ।
ਜਦੋਂ ਵੀ ਕਦੀ ਸੀਤਾ ਸਵਿੱਤਰੀ ਦੇ
ਸਤ ਭੰਗ ਕਰਨ ਦਾ ਰੋਲ ਕਰਨਾ ਹੁੰਦਾ ਹੈ
ਇਨ੍ਹਾਂ ਚੋਂ ਕੋਈ ਰਾਵਣ ਦਾ ਮਖੌਟਾ ਪਾ ਲੈਂਦਾ ਹੈ।
ਭੁੱਖੇ ਗਰੀਬ ਤੇ ਲਾਚਾਰ ਵੇਲੇ
ਸਾਡੇ ਵਿਹੜੇ 'ਚ ਕੋਈ ਵੀ ਇਹ ਰੋਲ ਕਰ ਲੈਂਦਾ ਹੈ।
ਅਤੇ ਡਾਇਰ ਦੇ ਤਸ਼ਦੱਦੀ ਸੀਨਾਂ ਵੇਲੇ
ਅਸੀਂ ਜਲ੍ਹਿਆਂ ਵਾਲੇ ਸ਼ਹੀਦ ਜਾਂ
ਭਗਤ ਸਿੰਘ ਨੂੰ ਅਵਾਜ਼ ਨਹੀਂ ਮਾਰਦੇ
ਸਾਡੇ ਵਿਚੋਂ ਹੀ ਕੋਈ ਰੱਸਾ ਚੁੰਮ ਜਾਂ
ਹਿੱਕ ਤੇ ਗੋਲੀ ਖਾ ਲੈਂਦਾ ਹੈ।
ਲੋਅ ਹੋਣ ਤੱਕ, ਇਹ ਨਾਟਕ
ਹੁੰਦਾ ਰਹੇਗਾ, ਪਰ
ਪਾਤਰ ਬਦਲਦੇ ਰਹਿਣਗੇ।



### ਜ਼ਰੂਰਤ

ਅਜ਼ਲਾਂ ਤੋਂ —
ਬਗਲੇ ਪਾਣੀ ਵਿਚ
ਇਕ ਲੱਤ ਭਾਰ ਖੜੋਤੇ
ਵੱਸ ਚੱਲਦੇ ਨੂੰ —
ਹਰ ਡੱਡੀ ਨਿਗਲ ਜਾਂਦੇ
ਪਰ ਖੜੋਤੇ
ਭਗਤਾਂ ਦੀ ਪਾਲ 'ਚ ਨੇ।
ਇਹ ਪਾਣੀ ਏਨਾ
ਗੰਧਲਾ ਕਿਓਂ ਹੈ
ਸਦੀਆਂ ਤੋਂ,
ਨਾ ਮੱਛੀਆਂ
ਤੇ ਨਾ ਹੀ ਮਗਰਮੱਛ
ਦਾ ਫਰਕ ਲੱਭਦਾ ਏ।
ਕਿਓਂ ਨਹੀਂ ਲੱਗਦਾ ਪਤਾ
ਸੋਫੀਆਂ ਤੇ ਗੁਰੂ ਵਿਚਲੇ
ਫਰਕ ਦਾ।
ਕਿਓਂ ਸਦੀਆਂ ਤੋਂ
ਵਾਰ ਵਾਰ ਉਹੀ ਤਵਾਰੀਖ
ਦੁਹਰਾਈ ਜਾ ਰਹੀ ਏ?
ਹੁਣ ਤੇ ਕੁਝ ਨਾ ਕੁਝ
ਕਰਨਾ ਹੀ ਹੋਵੇਗਾ,
ਪਲਟਣਾ ਪਵੇਗਾ
ਪੰਨਾ ਇਤਿਹਾਸ ਦਾ
ਜਾਂ ਨਵਾਂ ਸ਼ਬਦ ਕੋਸ਼
ਬਣਾਉਣਾ ਪਵੇਗਾ
ਤਾਂ ਕਿ —
ਸ਼ਬਦਾਂ ਦੇ ਮਾਅਨੇ
ਕੁਝ ਸਪਸ਼ਟ ਹੋ ਸਕਣ।

## ਕਹਿਣ ਦੀ ਗੱਲ

ਗੱਲ ਤਾਂ ਕੁੜੀ ਦੇ ਜੋਬਨ
ਚੜ੍ਹਦੀ ਜਵਾਨੀ ਤੇ ਉਸਦੀ ਮਟਕ
ਦੀ ਵੀ ਕੀਤੀ ਜਾ ਸਕਦੀ ਸੀ
ਪਰ ਕਹਿਣ ਦੀ ਗੱਲ ਤਾਂ ਉਸ ਵਿਚਾਰੀ
ਬਦਨਸੀਬ ਧੀ ਦੀ ਹੈ
ਜੋ ਦਿਨ ਭਰ ਰੇਲ-ਲੀਹਾਂ ਤੋਂ ਕੋਇਲਾ ਚੁਗਦੀ
ਮਣ ਮਣ ਦੀਆਂ ਗਾਲ੍ਹਾਂ ਖਾਂਦੀ
ਰਾਤ ਦੀ ਰੋਟੀ ਦੀ ਆਸ-ਨਿਰਾਸ
'ਚ ਭਟਕਦੀ ਹੈ
ਗੱਲ ਤਾਂ ਦਾਰੂ 'ਚ ਰੱਜੇ ਬੜ੍ਹਕਾਂ ਮਾਰਦੇ
ਸਰਦਾਰ ਦੀ ਵੀ ਕੀਤੀ ਜਾ ਸਕਦੀ ਸੀ
ਪਰ ਕਹਿਣ ਦੀ ਗੱਲ ਤਾਂ ਉਸ ਜੱਟ ਦੀ ਹੈ
ਜਿਸ ਸਿਰ ਸਾਲ ਭਰਦੀ ਮਿਹਨਤ ਤੋਂ ਪਿਛੋਂ ਵੀ
ਕਰਜੇ ਦੀ ਰਕਮ ਵਧਦੀ ਹੀ ਜਾਂਦੀ ਹੈ
ਗੱਲ ਤਾਂ ਯਾਰ ਦੀ ਗਲੀ 'ਚ ਗੇੜਾ ਲਾਉਂਦੇ
ਚੋਬਰ ਦੀ ਵੀ ਕੀਤੀ ਜਾ ਸਕਦੀ ਹੈ
ਪਰ ਕਹਿਣ ਦੀ ਗੱਲ ਤਾਂ ਉਸ
ਭੈਣ ਦੇ ਵੀਰ ਦੀ ਹੈ
ਜੋ ਭੁੱਖਾਂ ਕੱਟਦਾ, ਉਨੀਂਦਰੇ ਸਹਿੰਦਾ
ਸਭ ਕੁਝ ਤਿਆਗ
ਰਾਮ ਰਾਜ ਨਾਲ ਜੂਝਣ ਤੁਰਿਆ ਹੈ
ਜਿਹਨੂੰ ਸਰਕਾਰੀ ਗੋਲੀ, ਹਰ ਵਕਤ
ਢੂੰਢਦੀ ਰਹਿੰਦੀ ਹੈ
ਗੱਲ ਤਾਂ ਕੁਦਰਤ ਦੇ ਨਜ਼ਾਰਿਆਂ



ਫਿਜ਼ਾ 'ਚ ਮਹਿਕ ਘੋਲਦੇ ਫੁੱਲਾਂ
ਗਾਉਂਦੇ ਪਪੀਹਿਆਂ ਦੀ ਵੀ ਕੀਤੀ ਜਾ ਸਕਦੀ ਹੈ
ਪਰ ਕਹਿਣ ਦੀ ਗੱਲ ਤਾਂ
ਰੋਂਦੀ, ਦਰਦਾਂ ਫਿਕਰਾਂ ਮਾਰੀ
ਲੋਕਾਈ ਦੀ ਹੈ
ਜੋ ਜੰਮਣ ਤੋਂ ਮਰਨ ਤੱਕ
ਇਹ ਜੂਨ ਹੰਢਾ ਜਾਂਦੀ ਹੈ ।

## ਲਾਟ ਭਿੰਡਰ

### ਗੋਰੀ ਕੁੜੀ ਦਾ ਸ਼ਹਿਰ

ਚਾਨਣ ਦਿਨ ਦੇ ਸੂਰਜ ਦਾ ਹੋਵੇ
ਜਾਂ ਪੁੰਨਿਆਂ ਦੇ ਚੰਨ ਦਾ
ਜਾਂ ਚੌਂਕ 'ਚ ਲਗੇ ਖੰਭੇ ਦੇ ਬਲਬ ਦਾ
ਕਿਸੇ ਹਾਣੀ ਦੀਆਂ ਬਾਹਵਾਂ 'ਚ ਬਾਹਵਾਂ ਪਾਈ
ਗੋਰੀ ਕੁੜੀ ਕੋਈ ਜਦ ਮੁਸਕਰਾਉਂਦੀ ਹੈ
ਲਾਗਲੇ ਪਿੰਡ ਦੀ ਜੂਹ 'ਚੋਂ
ਰੋਟੀ ਲੈ ਕੇ ਲੰਘਦੀ
ਕਿਸੇ ਮੁਟਿਆਰ ਦੀ ਸ਼ਕਲ
ਉਦੋਂ ਹੀ ਯਾਦ ਆਉਂਦੀ ਹੈ
ਉਸ ਕੁੜੀ ਦਾ ਭੋਲਾ ਸੁਹੱਪਣ
ਕਲੋਂ ਲੰਘਦੇ ਹਾਣੀ ਦੀਆਂ ਬਾਹਵਾਂ 'ਚ
ਚਾਹੁੰਦਿਆਂ ਹੋਇਆਂ ਵੀ
ਆ ਨਹੀਂ ਸਕਦਾ
ਤਾਂ ਮੈਨੂੰ ਸਭਿਅਤਾ ਆਪਣੀ
ਉਦੋਂ ਬੀਮਾਰ ਲਗਦੀ ਹੈ ।
ਪਰ ਵੀਕਐਂਡ ਤੇ ਜਦ
ਬੀਅਰ-ਪਾਰਲਰ 'ਚੋਂ ਨਿਕਲੀ
ਗੋਰੀ ਕੁੜੀ ਕੋਈ
ਨਸ਼ੱਈ ਹਾਣੀ ਆਪਣੇ ਦੇ ਨਾਲ
ਮਧਹੋਸ਼ੀ ਦੀ ਹਾਲਤ ਵਿਚ
ਵੈਨ ਉਹਦੀ 'ਚ ਜਾ ਬਹਿੰਦੀ ਹੈ
ਤਾਂ ਦੂਰ ਦੁਨੀਆਂ ਤੋਂ ਉਹਲੇ
ਵੈਨ ਕਿਧਰੇ ਜਾ ਖਲੋਂਦੀ ਹੈ
ਕਿਸੇ ਚੰਨ ਦੇ ਸਾਹਮਣੇ ਜਿਵੇਂ
ਕਾਲੀ ਬਦਲੀ ਕੋਈ ਆ ਖਲੋਂਦੀ ਹੈ,



ਹਨੇਰੇ 'ਚ ਖੜੋਤੀ ਵੈਨ ਵਿਚ
ਚਿੱਟਾ ਹਾਸਾ ਹੱਸਦੀ ਹੈ ।
ਜਾਂ ਫਿਰ ਕਿਧਰੇ
ਪ੍ਰਦੇਸੀ ਅਖ਼ਬਾਰਾਂ 'ਚ ਜਦ
ਕਿਸੇ ਅਣਜੰਮੇ ਬੱਚੇ ਦੇ
ਕਤਲ ਦੀ ਖਬਰ ਛਪਦੀ ਹੈਂ
ਫਿਰ ਉਸ ਵੇਲੇ
ਗੋਰੀ ਕੁੜੀ ਦੇ ਸ਼ਹਿਰ ਦੀ ਸਭਿਅਤਾ
ਡਰਾਉਣੀ ਬਹੁਤ ਲਗਦੀ ਹੈ
ਤੇ ਲਾਗਲੇ ਪਿੰਡ ਦੀ ਕੁੜੀ ਦੀ
ਭੋਲੀ ਸੂਰਤ ਮਨ ਨੂੰ ਬਹੁਤ ਭਾਉਂਦੀ ਹੈ
ਮਾਸੂਮੀਅਤ ਉਸ ਦੀ
ਗੋਰੀ ਕੁੜੀ ਨੂੰ ਮਾਤ ਪਾਉਂਦੀ ਹੈ
ਤੇ ਗੋਰੀ ਕੁੜੀ ਦੀ ਮੌਸਮੀ ਹਾਣੀ ਦੀਆਂ
ਬਾਹਵਾਂ 'ਚ ਲਈ ਮੁਸਕ੍ਰਾਹਟ
ਹੁਣ ਅੱਖੀਂ ਚੋਭ ਪਾਉਂਦੀ ਹੈ ।

## ਅੱਜ ਦੀ ਡਾਕ

(ਆਪਣੇ ਛੋਟੇ ਬੱਚੇ ਦੇ ਨਾਂ)

ਚਾਰ ਚਿੱਠੀਆਂ ਆਈਆਂ ਨੇ —
ਅੱਜ ਦੀ ਡਾਕ ਵਿੱਚ
ਪਹਿਲੀ ਚਿੱਠੀ ਤੇਰੇ ਦਾਦੇ ਦੀ ਆਈ ਏ
ਲਿਖਿਆ ਏ ਕਿ ਤੇਰੇ ਜਨਮ ਦੀ ਖੁਸ਼ੀ 'ਚ
ਬੜੇ ਸ਼ਗਨ ਮਨਾਏ ਹਨ ਤੇਰੀ ਦਾਦੀ ਨੇ
ਗਲੀ ਚੋਂ ਲੰਘਦੀ ਹਰ ਗੁਆਂਢਣ ਨੂੰ
ਚਾਈਂ ਚਾਈਂ ਦਸਦੀ ਏ :
'ਭੈਣਾਂ, ਕਨੇਡਿਓਂ ਮੁੰਡੇ ਦੀ ਤਾਰ ਆਈ ਏ
ਰੱਬ ਦਾ ਲੱਖ ਲੱਖ ਸ਼ੁਕਰ ਏ, ਇੱਕ ਪੋਤਾ ਦਿਤਾ ਸੂ !'
ਦੂਜੀ ਚਿੱਠੀ ਤੇਰੇ ਨਾਨੇ ਦੀ ਏ ਉਸ ਵਿੱਚ ਵੀ ਅਜਿਹਾ ਹੀ
ਬਹੁਤ ਕੁਝ ਲਿਖਿਆ ਏ ।
ਤੀਜੀ ਚਿੱਠੀ ਟੈਲੀਫੂਨ ਕੰਪਨੀ ਵਾਲਿਆਂ ਦੀ ਏ
ਪਿਛਲੇ ਮਹੀਨੇ ਬਿੱਲ ਨਹੀਂ ਸੀ ਦੇ ਹੋਇਆ
ਤੇ ਉਹਨਾਂ ਨੇ ਨੋਟਿਸ ਭੇਜ ਦਿੱਤਾ ਏ ਟੈਲੀਫੂਨ ਕੱਟ ਦੇਣ ਦਾ ।
ਚੌਥੀ ਚਿੱਠੀ ਕਿਸ ਦੀ ਏ ?
ਖੋਲ੍ਹ ਕੇ ਦੇਖਦਾ ਹਾਂ ਕਿਸੇ ਸੇਵਾ ਸੰਮਤੀ ਵਾਲਿਆਂ ਦੀ ਲੱਗਦੀ ਏ
ਭੁੱਖ ਨਾਲ ਮਰ ਰਹੇ—
ਗਰੀਬ ਦੇਸ਼ਾਂ ਦੇ ਲੋਕਾਂ ਲਈ ਪੈਸਿਆਂ ਤੇ ਕਪੜਿਆਂ ਦੀ
ਮੰਗ ਕੀਤੀ ਹੋਈ ਏ ।
ਤੇਰੀ ਮਾਂ (ਮੇਰੀ ਘਰ ਵਾਲੀ) ਨੇ
ਪਹਿਲੀਆਂ ਦੋਵੇਂ ਚਿੱਠੀਆਂ ਬੜੇ ਚਾਅ ਨਾਲ ਪੜ੍ਹੀਆਂ ਨੇ
ਤੇਰੇ ਨਾਨਕਿਆਂ ਵਾਲੀ ਚਿੱਠੀ ਨੂੰ ਤਾਂ ਦੁਬਾਰਾ ਵੀ ਪੜ੍ਹ ਚੁਕੀ ਏ ਉਹ ।
ਬਿਲ ਦੇ ਨੋਟਿਸ ਨਾਲ ਭਲਾ ਉਹਨੂੰ ਕੀ ਵਾਸਤਾ
ਚੌਥੀ ਚਿੱਠੀ ਪੜ੍ਹਨ ਤੋਂ ਬਿਨਾਂ ਹੀ ਬਾਹਰੋਂ ਨੰਗੇ ਬੱਚੇ ਦੀ ਤਸਵੀਰ ਵੇਖ ਕੇ
ਪਰ੍ਹਾਂ ਰਖ ਦਿੱਤੀ ਸੂ—



ਇਹ ਕਹਿੰਦਿਆਂ ਹੋਇਆਂ :
'ਪਹਿਲਾਂ ਜਮਣੋਂ ਨਹੀਂ ਹਟਦੇ
ਫਿਰ ਮੰਗਣ ਲਗਦੇ ਨੇ
ਹੱਥ ਅੱਡ ਕੇ, ਲੋਕਾਂ ਕੋਲੋਂ !'
ਮੈਂ ਵੀ ਚਾਰੇ ਚਿੱਠੀਆਂ ਪੜ੍ਹ ਕੇ
ਰਖ ਦਿੱਤੀਆਂ ਨੇ ਇਕ ਪਾਸੇ ।
ਪਹਿਲੀਆਂ ਦੋਂਹ ਚਿੱਠੀਆਂ ਦੀ ਖੁਸ਼ੀ 'ਚ
ਪਿਛਲੀਆਂ ਦੋਂਹ ਦਾ ਗਮ ਘੁਲ ਗਿਆ ਏ !
ਬਾਹਰ ਸਾਂਝੀ ਲਾਅਨ 'ਚ
ਭਵਿੱਖ ਤੋਂ ਅਣਜਾਣ
ਗੋਰਿਆਂ ਦੇ ਬੱਚੇ
ਹੱਥਾਂ 'ਚ ਫਲ ਲਈ
ਖੇਡਦੇ ਪਏ ਨੇ
ਗੋਰੀਆਂ ਗਲ੍ਹਾਂ ਚੋਂ
ਜਿਵੇਂ ਖੂਨ ਚੋਂਦਾ ਹੈ
ਤੇ ਇੱਕ ਭੁੱਖਾ ਬੱਚਾ
ਮੇਰੀਆਂ ਅੱਖਾਂ ਵਿਚਦੀ ਰੋਂਦਾ ਹੈ ।
ਮੇਰੇ ਜ਼ਿਹਨ 'ਚ ਅਚਾਨਕ ਹੀ
ਨੰਗ-ਮਨੰਗੇ ਕਿਨ੍ਹੇ ਹੀ ਚਿਹਰੇ
ਆਣ ਵੜਦੇ ਨੇ
ਅਛੋਪਲੇ ਜਿਹੇ ਕਿਧਰੋਂ
ਮੇਰੇ ਸੁਪਨੇ ਦੀ ਸੁੱਤੀ ਹੋਈ ਚੁਪ ਨੂੰ
ਕੋਈ ਜ਼ੋਰ ਦੀ ਝੰਜੋੜਦਾ ਹੈ
ਦਿਨ ਦੇ ਚਿੱਟੇ ਚਾਨਣ ਵਿੱਚ
ਹਨੇਰੇ ਦਾ ਜਿਵੇਂ ਪਹੀਆ ਘੁੰਮਦਾ ਹੈ
ਤੇ ਸੋਚ ਮੇਰੀ ਲੋਚਦੀ ਹੈ
ਕਿ ਕਿਧਰੇ ਕਲ੍ਹ ਨੂੰ
ਤੂੰ ਵੀ ਮੇਰੇ ਬੱਚੇ
ਭੁੱਖ ਨੰਗ ਨਾਲ ਲੜਦਾ

ਕੋਈ ਬੱਚਾ ਨਾ ਦੇਖੇ !
ਕੀ ਇਸ ਰੋਗ ਦਾ ਇਲਾਜ
ਸਿਰਫ ਲੋਕਾਂ ਨੂੰ ਬੱਚੇ ਜਮਣੋ ਰੋਕਣਾ ਹੈ
ਜਾਂ ਕਿ 'ਜੋਕਾਂ' ਨੂੰ ਬੱਚੇ ਜਮਣੋ ਰੋਕਣਾ ਹੈ
ਜਿਨ੍ਹਾਂ ਨੂੰ ਆਦਤ ਹੈ
ਬੇਗਾਨੀ ਮਿਹਨਤ ਤੇ ਪਲਣ ਦੀ !!

## ਉਡੀਕ

ਅਸਾਂ ਉਡੀਕਣਾ ਏਂ ਉਸ ਦਿਨ ਨੂੰ
ਜਦੋਂ ਸਾਡਾ ਬੋਝ ਸਾਡਾ ਤੋਹਫ਼ਾ ਬਣੇਗਾ।
ਜਦੋਂ ਸਾਡੀਆਂ ਹੀ ਮੁਸੀਬਤਾਂ
ਸ ਡਾ ਰਸਤਾ ਰੁਸ਼ਨਾਣਗੀਆਂ।
ਜਦੋਂ ਸਾਡੇ ਜ਼ਖ਼ਮ
ਸਾਡੇ ਹੀ ਹਾਸੇ ਬਨਣਗੇ।
ਜਦੋਂ ਸਾਡੀ ਕੱਲਰੀ-ਧਰਤ
'ਕੁਝ' ਉਗਾਉਣ ਯੋਗ ਹੋਵੇਗੀ।
ਜਦੋਂ ਸਾਡੇ ਭੁਖੇ ਪੇਟ
ਰੱਜਕੇ ਖਾਣ ਲੱਗਣਗੇ।
ਜਦੋਂ ਸਾਡੇ ਹਨੇਰਿਆਂ ਦੀ
ਕੁਖੋਂ ਸੂਰਜ ਅਵਤਾਰ ਧਾਰੇਗਾ।
ਆਪਣੇ ਤੇ ਆਪਣੇ ਸੂਰਜ ਵਿਚਾਲੇ
ਛਾਏ ਹੋਏ ਕਲਮੂੰਹੇਂ ਬੱਦਲਾਂ ਨੂੰ
ਅਸੀਂ ਚੀਰ ਸੁੱਟਣਾ ਏਂ !
ਅਸੀਂ ਹੁਣ 'ਭਗਤ' ਕੋਲੋਂ ਜਾਚ ਸਿਖਣੀ ਏਂ
ਲਾਟ ਵਿੱਚ ਰੋਹੀਲੀ ਰੱਤ ਪਾਕੇ
ਹਨੇਰਿਆਂ ਨੂੰ ਮਾਰਨ ਦੀ !!





## ਖੱਟੇ ਅੰਗੂਰ

ਜਦੋਂ ਵੀ ਦੋ ਰਾਹਾਂ ਦੇ ਨਿੱਖੜਨ ਤੇ
ਮੈਂ ਇੱਕ ਰਾਹ ਨੂੰ ਛੱਡ ਕੇ
ਦੂਸਰਾ ਰਾਹ ਫੜਿਆ ਏ
ਹਾਰ ਖਾਧੀ ਏ।
ਦੋ-ਸਰੀ ਦੀ ਖੇਡ ਵਾਂਗ
ਜਿਵੇਂ ਚਹੁੰ ਰੰਗਾਂ ਚੋਂ
ਸਿਰਫ ਇੱਕ ਹੀ ਰੰਗ
ਦਬਿਆ ਜਾ ਸਕਦਾ ਏ।
ਰਾਹੀ ਇਕੱਲਾ ਹੁੰਦਾ ਹੈ
ਰਾਹ ਅਨੇਕ ਨੇ
ਕੇਵਲ ਇੱਕ ਹੀ ਰਾਹ ਤੇ
ਚਲ ਸਕਦਾ ਏ।
ਜ਼ਿੰਦਗੀ ਮੇਰੀ ਅੱਜ ਫਿਰ
ਇੱਕ ਦੋਰਾਹੇ ਤੇ ਆ ਖਲੋਤੀ ਏ
ਇੱਕ ਰਾਹ ਦੂਰ ਵਤਨ ਨੂੰ ਜਾਂਦਾ ਏ
ਦੂਜਾ ਵਤਨੋਂ ਦੂਰ ਲਿਜਾਂਦਾ ਏ।
ਜਿਸ ਕਿਸ ਨੇ ਵੀ
ਵਤਨ ਜਾਂਦੇ ਰਾਹ ਤੇ
ਚਲਣ ਦੀ ਗਲ ਕੀਤੀ ਏ
ਸਭ ਨੇ ਉਸਦਾ ਮਜ਼ਾਕ ਉਡਾਇਆ ਏ।
ਇਸੇ ਮਖੌਲ ਤੋਂ ਡਰਦਾ ਹੁਣ ਕੋਈ
ਉਸ ਰਾਹ ਤੇ ਚਲਣ ਦੀ
ਗਲ ਨਹੀਂ ਕਰਦਾ
ਜੇ ਕਿਸੇ ਨੇ ਹਿੰਮਤ ਕੀਤੀ ਵੀ ਹੈ
ਜਾ ਕੇ ਵਤਨ ਰਹਿਣ ਦੀ
ਸੁਣਿਆ ਏਂ



'ਖੱਟੇ ਅੰਗੂਰ' ਕਹਿੰਦਾ ਹੋਇਆ
ਉਹ ਵਤਨੋਂ ਦੂਰ ਮੁੜਿਆ ਏ !
ਅੰਗੂਰ ਤਾਂ ਇਥੇ ਵੀ ਖੱਟੇ ਨੇ
ਫਰਕ ਏਨਾ ਹੈ
ਉਥੇ ਹੱਥ ਨਹੀਂ ਸੀ ਅੱਪੜਦਾ
ਇਥੇ ਹੱਥ ਅੱਪੜ ਜਾਂਦਾ ਏ
ਖੱਟੇ ਅੰਗੂਰਾਂ ਤੱਕ
ਤੇ ਅਸੀਂ ਸਾਰੇ
ਵੇਖੋ ਵੇਖੀ ਖਾਈ ਜਾਂਦੇ ਹਾਂ
ਇਨ੍ਹਾਂ ਖੱਟੇ ਅੰਗੂਰਾਂ ਨੂੰ !!